# ਅੰਮ੍ਰਿਤ ਕੀਰਤਨ

**AMRIT KIRTAN**

**अमृत कीर्तन**

ਅੰਕ 3 ਅਗਸਤ, 1989 ਡਾ. ਜਾਗੀਰ ਸਿੰਘ ਸੰਪਾਦਕ (ਆਨਰੇਰੀ)



# ਅੰਮ੍ਰਿਤ ਕੀਰਤਨ

अमृत कीर्तन    **Amrit Kirtan**

ਅੰਕ : 3    ਅਗਸਤ 1989

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਸਹਿਯੋਗ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਡਾ. ਸਤੀਸ਼ ਮੈਨਨ
ਸ: ਕੁਲਦੀਪ ਸਿੰਘ
ਪ੍ਰੋ. ਮਨਜੀਤ ਸਿੰਘ

ਚਿੱਠੀ ਪੱਤਰ ਲਈ ਪਤਾ :
**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ,
ਚੰਡੀਗੜ੍ਹ - 160015
ਫੋਨ : 24660

**ਚੰਦੇ ਦਾ ਵੇਰਵਾ**

ਇੱਕ ਕਾਪੀ : 5 ਰੁਪਏ

**ਦੇਸ਼ :**

| | |
|---|---|
| ਸਲਾਨਾ | 50 ਰੁਪਏ |
| ਜੀਵਨ ਮੈਂਬਰ | 500 ਰੁਪਏ |

**ਵਿਦੇਸ਼ :**

| | |
|---|---|
| ਸਲਾਨਾ | 500 ਰੁਪਏ |
| ਜੀਵਨ ਮੈਂਬਰ | 5000 ਰੁਪਏ |

## ਵਿਸ਼ਾ ਸੂਚੀ

1. ਤੁਹਾਡੇ ਪੱਤਰ 2
2. ਕਰਉ ਬੇਨੰਤੀਆਂ — ਜਾਗੀਰ ਸਿੰਘ 4
3. ਹੱਡ ਬੀਤੀ ਜੱਗ ਬੀਤੀ — ਭਾ ਸਾਹਿਬ ਭਾਈ ਰਣਧੀਰ ਸਿੰਘ 5
4. Rababi Bhai Mardana — Principal Satbir Singh Ji 7
5. ਮੁਲਾਕਾਤ — ਤਾਰਨ ਗੁਜਰਾਲ 11
6. राग और रस — डा० जागीर सिंह 15
7. ਰਾਗ ਗਉੜੀ — ਡਾ. ਗੁਰਨਾਮ ਸਿੰਘ 18
8. ਸੰਗੀਤ ਲਿਪੀ ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ 24
9. ਸ਼ਬਦ-ਅਰਥ — ਗਿਆਨੀ ਗੁਰਦਰਨ ਸਿੰਘ 25
10. ਸ਼ਬਦ-ਪ੍ਰਮਾਣ — ਸ੍ਰ. ਕੁਲਦੀਪ ਸਿਘ 28
11. ਸਮਾਚਾਰ 30

ਨੋਟ : ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

## ਤੁਹਾਡੇ ਪੱਤਰ

'ਅੰਮ੍ਰਿਤ ਕੀਰਤਨ' ਪ੍ਰਾਪਤ ਹੋਇਆ, ਪਰਚੇ ਨੂੰ ਵਾਚ ਕੇ ਬੜਾ ਅਨੰਦ ਆਇਆ। ਆਪ ਦੀ ਮਿਹਨਤ ਅਤੇ ਲਗਨ ਦੀ ਦਾਦ ਦੇਣੀ ਬਣਦੀ ਹੈ। ਅੱਜ ਕਲ੍ਹ ਕਲੇ ਕਾਰੇ ਆਪਣੇ ਸਿਰ ਤੇ ਕੋਈ ਮੈਗਜ਼ੀਨ ਕਢਣੀ ਸੂਲਾਂ ਦੀ ਸੇਜ ਹੈ। ਪਰ ਤੁਸੀਂ ਬੜੇ ਸਿਰੜੀ ਪੁਰਸ਼ ਹੋ। ਤੁਹਾਨੂੰ ਇਸ ਮੈਗਜ਼ੀਨ ਲਈ ਵਧਾਈ ਦੇਂਦਾ ਹੋਇਆ ਇਸ ਦੀ ਸਫਲਤਾ ਲਈ ਕਾਮਨਾ ਕਰਦਾ ਹਾਂ।

ਪਰਚੇ ਵਿੱਚ ਛਪੇ ਲੇਖਕਾਂ ਬਾਰੇ ਜਾਣਕਾਰੀ ਦਿੱਤੀ ਜਾਇਆ ਕਰੇ। ਇੱਕ ਹੋਰ ਪਰੰਪਰਾ ਚਾਲੂ ਕਰੋ ਜੋ ਪਿਛਲੀ ਪੀੜ੍ਹੀ ਦੇ ਰਾਗੀਆਂ ਵਿੱਚ ਸੀ ਤੇ ਅਜ ਕਲ੍ਹ ਇਹ ਬਿਲਕੁਲ ਅਲੋਪ ਹੁੰਦੀ ਜਾ ਰਹੀ ਹੈ। ਉਹ ਇਹ ਕਿ ਸਿਖ ਰਾਗੀ ਜਨ, ਕਮਰਸ਼ੀਅਲ ਨਾ ਬਣ ਜਾਣ। ਜਦੋਂ ਕਿਧਰੋਂ ਬੁਲਾਵਾ ਹੈ, ਉਹ ਆਪਣੀ ਭੇਟਾ ਬਾਰੇ ਬੋਲੀ ਦੇਣ ਵਾਲਿਆਂ ਬੰਦਿਆਂ ਵਾਂਗ ਨਾ ਬਣ ਜਾਣ ਸਗੋਂ ਜੋ ਪ੍ਰਾਪਤ ਹੋ ਜਾਏ, ਉਹ ਗੁਰੂ ਦੀ ਦੇਣ ਸਮਝਣ, ਕਾਰੋਬਾਰੀ ਸੰਸਥਾਵਾਂ ਹੋਰ ਬੜੀਆਂ ਹਨ। ਰਾਗੀ ਕੀਰਤਨੀਏ ਸੰਗੀਤਕਾਰ ਤੇ ਕਵੀ ਲੋਕਾ ਆਪਣੇ ਆਪ ਨੂੰ ਪੇਸ਼ਾਵਰਾਂ ਤੋਂ ਉਪਰ ਸਮਝਣ। ਫਿਰ ਵੇਖੋ ਗੁਰੂ ਦੀ ਕਿਰਪਾ ਨਾਲ ਮਾਇਆ ਵੱਲੋਂ ਕਿਵੇਂ ਲਹਿਰ ਬਹਿਰ ਹੋ ਜਾਂਦੀ ਹੈ। ਮਾਇਆ ਨਾਗਣੀ ਦੇ ਪਿੱਛੇ ਨੱਠੋ ਤਾਂ ਇਹ ਕੱਟ ਕੇ ਖਾ ਜਾਂਦੀ ਹੈ, ਉਸ ਤੋਂ ਅੱਗੇ ਅੱਗੇ ਰਹੋ ਤਾਂ ਗੁਰੂ ਦੀ ਗੋਲਕ ਵਾਂਗ ਹਰ ਕਲਾਕਾਰ ਦੀਆਂ ਝੋਲੀਆਂ ਭਰ ਜਾਂਦੀਆਂ ਹਨ। ਇਹ ਮੇਰਾ ਆਪਣਾ ਤਜਰਬਾ ਹੈ।

**ਪਿਆ ਰਾ ਸਿੰਘ ਦਾਤਾ, ਦਿੱਲੀ**

ਪੰਜਾਬੀ ਸਾਹਿਤ ਨੇ ਇੱਕ ਨਵਾਂ ਮੋੜ ਉਸ ਸਮੇਂ ਲਿਆ ਜਦੋਂ ਸੰਗੀਤ ਪ੍ਰੇਮੀਆਂ ਨੂੰ ਆਪਣੀ ਮਾਤ-ਭਾਸ਼ਾ ਦੀ ਸਰਲ ਬੋਲੀ ਵਿੱਚ ਸੰਗੀਤ ਤੇ ਕੀਰਤਨ ਦਾ ਆਧੁਨਿਕ ਗਿਆਨ 'ਅੰਮ੍ਰਿਤ ਕੀਰਤਨ' ਰਾਹੀਂ ਭਰਪੂਰ ਮਿਲਣ ਲਗ ਪਿਆ।

**ਪ੍ਰੋ. ਪਰਮਜੋਤ ਸਿੰਘ, ਲੁਧਿਆਣਾ**

ਅੰਮ੍ਰਿਤ ਕੀਰਤਨ ਟਰਸਟ ਬਨਾਉਣ ਲਈ ਜੋ ਯਤਨ ਆਪ ਨੇ ਕੀਤਾ ਹੈ, ਇੱਕ ਸ਼ਲਾਘਾ ਯੋਗ ਉੱਦਮ ਹੈ। ਸਿੱਖ ਫ਼ਲਸਫ਼ੇ ਅਤੇ ਅਧਿਆਤਮਕ ਖੇਤਰ ਵਿੱਚ ਕੀਰਤਨ ਇੱਕ ਰੂਹ ਹੈ। ਵਰਤਮਾਨ ਸਮੇਂ ਇਹਨਾਂ ਯਤਨਾਂ ਦੀ ਅਤਿ ਜ਼ਰੂਰਤ ਹੈ ਕਿ ਅਸੀਂ ਪੁਰਾਤਨ ਵਿਰਸੇ ਨੂੰ ਸੰਭਾਲ ਸਕੀਏ।

**ਭਾਗ ਸਿੰਘ ਅਣਖੀ**, ਚੀਫ਼ ਖਾਲਸਾ ਦੀਵਾਨ

ਤੁਸਾਂ ਅੰਮ੍ਰਿਤ ਕੀਰਤਨ ਟਰਸਟ ਕਾਇਮ ਕਰਕੇ, ਰਸਾਲੇ ਦਾ ਸ਼ੁਭ ਅਰੰਭ ਕੀਤਾ ਹੈ, ਉਸ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ, ਥੋੜ੍ਹੀ ਹੈ। ਅੱਜ ਕੱਲ੍ਹ ਦੇ ਮਹਿੰਗਾਈ ਦੇ ਯੁੱਗ ਵਿੱਚ ਅਜਿਹਾ ਕਾਰਜ ਕਰਨਾ ਹਿਮਾਲਾ ਦੀ ਚੋਟੀ ਤੇ ਚੜ੍ਹਨ ਤੋਂ ਘੱਟ ਨਹੀਂ। ਉੱਦਮ ਲਈ ਵਧਾਈ।

ਪੇਪਰ ਦਾ ਮੁੱਖ ਕਵਰ ਬਹੁਤ ਖੂਬਸੂਰਤ ਹੈ। ਤ੍ਰੈ-ਭਾਸ਼ਾਵਾਂ ਵਿੱਚ ਦਿੱਤੀ ਸਮੱਗਰੀ ਵੀ ਠੋਸ ਤੇ ਜਾਣਕਾਰੀ ਭਰਪੂਰ ਹੈ! ਰਾਗਾਂ ਤੇ ਸਾਜ਼ਾਂ ਦੀ ਗੱਲ ਛੋਹ ਕੇ ਜਿਸ ਤਰ੍ਹਾਂ ਤੁਸੀਂ ਤੁਰੇ ਹੋ, ਵਾਹਿਗੁਰੂ ਕਰੇ ਇਹ ਕਾਫਲਾ ਬਣਕੇ ਮੰਜ਼ਿਲੇ ਮਕਸੂਦ ਤੱਕ ਪੁੱਜੇ।

**ਸੁਰਜੀਤ ਮਰਜਾਰਾ, ਮੰਡੀ ਗੋਬਿੰਦਗੜ੍ਹ**

ਆਪ ਨੇ ਜੋ ਉੱਦਮ ਕਰਕੇ "ਅੰਮ੍ਰਿਤ ਕੀਰਤਨ" ਮੈਗਜ਼ੀਨ ਸ਼ੁਰੂ ਕੀਤਾ ਹੈ, ਮੇਰੇ ਵੱਲੋਂ ਸ਼ੁਭ ਇਛਾਵਾਂ ਤੇ ਅਸੀਸਾਂ ਪ੍ਰਵਾਨ ਕਰਨੀਆਂ। ਵਾਹਿਗੁਰੂ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਬਖਸ਼ੇ।

**ਮਹਿੰਦਰ ਸਿੰਘ ਨਿਰਮਾਣ ਪੂਨਾ**

ਆਪ ਦਾ ਘੱਲਿਆ ਪਰਚਾ 'ਅੰਮ੍ਰਿਤ ਕੀਰਤਨ' ਅਸਾਂ ਹੱਥ ਆਇਆ। ਸੱਚੀ ਗੱਲ ਜਿੰਨੀ ਧੁੰਮ ਸੀ ਉੱਨਾ ਤੇ ਨਹੀਂ ਜਚਿਆ, ਮੇਰੀ ਜਾਚੇ ਅਜੇ ਨਵਾਂ ਨਵਾਂ ਹੋਣ ਕਾਰਨ ਕਹਿ ਲਵਾਂ, ਨਾਮ-ਤੁੱਲ ਨਹੀਂ ਹੈ, ਹੋ ਜਾਏ ਦੂਆ ਹੈ॥

ਇਸ ਵਿੱਚ ਜੋ ਮੈਨੂੰ ਸਭ ਤੋਂ ਵੱਧ ਆਸਦਾਇਕ ਸ਼ੈ ਲੱਗੀ ਸੀ, ਉਹ ਸੀ ਪੁਰਾਤਨ ਰਾਗੀ-ਆਂ, ਰਬਾਬੀਆਂ, ਦਰਬਾਰੀ ਅਤੇ ਅਣਪਹੁੰਚੇ ਰਾਗੀਆਂ, ਗਾਇਕਾਂ, ਢਾਡੀਆਂ, ਸਾਜ਼ਿੰਦਿਆਂ ਤੇ ਅਨਾਮ ਪਏ ਕਲਾਵਾਨਾ ਦੀ ਖ਼ੋਜ ਤੇ ਜੀਵਨੀ। ਤੁਸਾਂ ਇਸ ਮਹਾਨ ਫੀਚਰ ਨੂੰ ਅਜੇ ਪੂਰਨ ਰੂਪ ਵਿੱਚ ਨਹੀਂ ਚੁੱਕਿਆ, ਚੱਲੀ ਚੱਲੋ ਜੀ।

**ਗਗਨ ਪਾਕਿਸਤਾਨੀ ਯੂ. ਐਸ. ਏ.**

"ਅੰਮ੍ਰਿਤ ਕੀਰਤਨ" ਸਦਕਾ ਸੰਗੀਤ ਦੇ ਖੇਤਰ ਵਿੱਚ ਕੋਈ ਖੋਜ ਹੋ ਸਕੇਗੀ। ਚੰਗਾ ਸਾਹਿਤ ਵੀ ਸ਼ਾਇਦ ਉਪਜ ਸਕੇ। ਮੇਰੀ ਅਰਦਾਸ ਹੈ ਤੁਸੀਂ ਆਪਣੇ ਮਿਸ਼ਨ ਵਿੱਚ ਜ਼ਰੂਰ ਸਫਲ ਹੋਵੋ।

**ਗੁਰਦਿਆਲ ਸਿੰਘ ਨਾਵਲਿਸਟ, ਜੈਤੋ**

ਆਪ ਜੀ ਗੁਰਮਤਿ ਬਾਰੇ ਕੀਰਤਨ ਦੇ ਖੇਤਰ ਵਿੱਚ ਚੰਗਾ ਉਪਰਾਲਾ ਕਰ ਰਹੇ ਹੋ, ਜਿਸ ਲਈ ਵਧਾਈ ਦੇ ਪਾਤਰ ਹੋ। ਗੁਰੂ ਆਪ ਜੀ ਦੇ ਅੰਗ ਸੰਗ ਹੋਵੇ।

**ਸੰਤ ਸਿੰਘ, ਦਿੱਲੀ**

'ਅੰਮ੍ਰਿਤ ਕੀਰਤਨ, ਮਾਸਿਕ ਪੱਤਰ ਦਾ ਸ਼ੁਰੂ ਹੋਣਾ ਖ਼ੁਸ਼ੀ ਦੀ ਗੱਲ ਹੈ। ਗੁਰਮਤਿ ਸੰਗੀਤ ਦਾ ਪ੍ਰਚਾਰ ਅਤੇ ਪਾਸਾਰ ਅਜੋਕੇ ਯੁੱਗ ਦੀ ਲੋੜ ਹੈ।

**ਪ੍ਰਿੰ. ਇੰਦਰਜੀਤ ਸਿੰਘ ਗੋਗੋਆਣੀ**

'ਅੰਮ੍ਰਿਤ ਕੀਰਤਨ' ਦੀ ਪ੍ਰਵੇਸ਼ ਕਾਪੀ ਭੇਜਣ ਲਈ ਬਹੁਤ ਬਹੁਤ ਧੰਨਵਾਦ। ਪਰਚੇ ਦੀ ਸਾਰੀ ਸਮੱਗਰੀ ਬਹੁਤ ਧਿਆਨ ਨਾਲ ਚੁਣੀ ਜਾਪਦੀ ਹੈ। ਪੜ੍ਹ ਕੇ ਆਨੰਦ ਆਇਆ। ਤੁਹਾਡੀ ਲਗਨ, ਵਿੱਦਿਅਕ ਯੋਗਤਾ ਅਤੇ ਸਾਥੀਆਂ ਦੀ ਮਿਲਵਰਤਨ ਨਾਲ ਸਭ ਕੰਮ ਚੜ੍ਹਦੀਆਂ ਕਲਾਂ ਵੱਲ ਹੀ ਜਾਣਗੇ।

**ਗੁਰਵੰਤ ਸਿੰਘ, ਦਿੱਲੀ**

# ਕਰਉ ਬੇਨੰਤੀਆਂ

ਅੰਮ੍ਰਿਤ ਕੀਰਤਨ ਦਾ ਤੀਜਾ ਅੰਕ ਤੁਹਾਡੇ ਹੱਥਾਂ ਵਿੱਚ ਹੈ। ਇਸ ਨੂੰ ਜੋ ਭਰਪੂਰ ਹੁੰਗਾਰਾ ਤੁਸੀਂ ਦਿੱਤਾ ਹੈ ਉਸ ਲਈ ਅਸੀਂ ਤੁਹਾਡੇ ਬਹੁਤ ਰਿਣੀ ਹਾਂ। ਤੁਹਾਡੇ ਪੱਤਰਾਂ ਨੇ ਵਿਸ਼ੇਸ਼ ਕਰਕੇ ਸਾਡਾ ਬਹੁਤ ਹੌਸਲਾ ਵਧਾਇਆ ਹੈ।

ਸੰਗੀਤ ਅਤੇ ਕੀਰਤਨ ਸੰਬੰਧੀ ਜਿਸ ਵੇਗ ਨਾਲ ਸਮੱਗਰੀ ਸਾਡੇ ਕੋਲ ਪੁੱਜ ਰਹੀ ਹੈ ਉਸ ਤੋਂ ਜਾਪਦਾ ਹੈ ਕਿ ਇਸ ਬਾਰੇ ਲਿਖਣ ਵਾਲੇ ਬਹੁਤ ਹਨ। ਹੁਣ ਤੱਕ ਉਹਨਾਂ ਕੋਲ ਇਸ ਨੂੰ ਪੇਸ਼ ਕਰਨ ਲਈ ਕੋਈ ਮੰਚ ਨਹੀਂ ਸੀ। ਤੁਹਾਡੀ ਸਭ ਦੀ ਪ੍ਰੇਰਨਾ ਸਦਕਾ ਇਹ ਮੰਚ ਤਿਆਰ ਹੋਇਆ ਹੈ। ਇਸ ਉੱਤੇ ਤੁਹਾਡਾ ਸਭ ਦਾ ਸਵਾਗਤ ਹੈ।

'ਅੰਮ੍ਰਿਤ ਕੀਰਤਨ' ਬਾਰੇ ਜੋ ਵੱਖ ਵੱਖ ਪ੍ਰਭਾਵ ਪ੍ਰਾਪਤ ਹੋਏ ਹਨ ਉਹਨਾਂ ਦੀ ਲੋਅ ਵਿੱਚ ਅਸੀਂ ਹੋਰ ਸੁਧਾਰ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।

ਸੰਗੀਤ ਦੇ ਵਿਦਿਅਕ ਅਦਾਰਿਆਂ ਦੀ ਸਹੂਲਤ ਲਈ ਸੰਗੀਤ ਸਿਲੇਬਸਾਂ ਨਾਲ ਸੰਬੰਧਤ ਸਮੱਗਰੀ ਛੇਤੀ ਹੀ ਛਾਪਣੀ ਸ਼ੁਰੂ ਕਰ ਰਹੇ ਹਾਂ। ਪੁਰਾਤਨ ਅਤੇ ਵਰਤਮਾਨ ਕੀਰਤਨੀਆਂ ਬਾਰੇ ਜਾਣਕਾਰੀ ਦੇਣ ਦੇ ਨਾਲ ਨਾਲ ਵੱਖ ਵੱਖ ਸ਼ਹਿਰਾਂ ਵਿੱਚ ਚੱਲ ਰਹੇ ਸੰਗੀਤ ਸਿਖਲਾਈ ਕੇਂਦਰਾਂ ਬਾਰੇ ਜਾਣਕਾਰੀ ਵੀ ਛਾਪਣਾ ਚਾਹੁੰਦੇ ਹਾਂ। ਪਰ ਇਹ ਤੁਹਾਡੇ ਸਹਿਯੋਗ ਨਾਲ ਹੀ ਸੰਭਵ ਹੋ ਸਕਦਾ ਹੈ। ਸੋ ਤੁਸੀਂ ਆਪਣੇ ਨੇੜਲੇ ਸੰਗੀਤ ਵਿਦਿਆਲੇ ਬਾਰੇ ਜਾਂ ਕਿਸੇ ਕੀਰਤਨੀਏ ਬਾਰੇ ਸਾਨੂੰ ਲਿਖ ਕੇ ਭੇਜਣ ਦੀ ਕਿਰਪਾ ਕਰੋ।

ਭਵਿੱਖ ਵਿੱਚ ਪ੍ਰਸਿੱਧ ਰਾਗੀਆਂ ਅਤੇ ਸੰਗੀਤਕਾਰਾਂ ਬਾਰੇ ਵਿਸ਼ੇਸ਼ ਅੰਕ ਕੱਢੇ ਜਾਣਗੇ। ਨਵੰਬਰ ਅੰਕ ਡਾ. ਭਾਈ ਸਰਬ ਸਿੰਘ ਜੀ ਪਟਿਆਲੇ ਵਾਲੇ ਅਤੇ ਦਸੰਬਰ ਅੰਕ ਪ੍ਰਸਿੱਧ ਸੰਗੀਤ ਅਚਾਰੀਆ ਪ੍ਰੋ. ਤਾਰਾ ਸਿੰਘ ਹੋਰਾਂ ਬਾਰੇ ਹੋਵੇਗਾ। ਇਹਨਾਂ ਬਾਰੇ ਆਪ ਜੀ ਹੁਣ ਤੋਂ ਹੀ ਸਮਗੱਰੀ ਭੇਜਣੀ ਸ਼ੁਰੂ ਕਰ ਦਿਓ।

ਤੁਹਾਡੇ ਪੱਤਰਾਂ ਦੀ ਉਡੀਕ ਸਾਨੂੰ ਸਦਾ ਰਹੀਂਦੀ ਹੈ।

ਰਿਣੀ

**ਜਾਗੀਰ ਸਿੰਘ**

# ਸਤਿਗੁਰੂ ਵੱਲੋਂ ਕੀਰਤਨ ਦੀ ਦਾਤ ਦੀ ਕਰਾਮਾਤ

—ਭ੍ਰਾ. ਸਾਹਿਬ ਭਾਈ ਰਣਧੀਰ ਸਿੰਘ ਜੀ

ਵਡਭਾਗੀ ਹਰਿ ਕੀਰਤਨ ਗਾਈਐ ॥
ਪਾਰਬ੍ਰਹਮ ਤੂੰ ਦੇਹਿ ਤ ਪਾਈਐ ॥

ਕੇਵਲ ਸ਼ਬਦ ਤਰੰਗੀ ਰਸ ਜੋਤਿ ਵਿਗਾਸੀ ਗੁਰਮੁਖ ਜਨਾਂ ਦੇ ਰੋਮ ਰੋਮ ਅੰਦਰ ਹੀ ਹਰਿ ਕੀਰਤਨ ਦਾ ਸੋਮਾ ਸਫੁਟ ਹੁੰਦਾ ਹੈ। ਪ੍ਰੇਮਾ-ਭਗਤੀ ਦੇ ਰੰਗਾਂ ਵਿੱਚ ਵਾਹਿਗੁਰੂ ਨਿਰੰਕਾਰ ਦੇ ਗੁਣ ਗਾਵਣਹਾਰੇ ਗੁਰੂ ਨਿਵਾਜੇ ਗੁਰਮੁਖਾਂ ਦੇ ਅੱਗੇ ਪਿੱਛੇ ਰਾਗ-ਨਾਦ ਹੱਥ ਬੰਨ੍ਹੀ ਫਿਰਦੇ ਹਨ। ਜਦ ਰੱਬੀ ਰੰਗਾਂ ਵਿੱਚ ਆਈਦਾ ਹੈ ਅਤੇ ਇਹਨਾਂ ਰੰਗਾਂ ਵਿੱਚ ਕੀਰਤਨ ਅਰੰਭ ਹੁੰਦਾ ਹੈ ਤਾਂ ਅਗ਼ੰਮੀ ਰਾਗ ਆਪੇ ਹੀ ਆ ਸਫੁਰਨ ਹੁੰਦੇ ਹਨ। ਉਦਾਹਰਨ ਤਾਂ ਹੱਡ-ਬੀਤੀ ਕੀਰਤਨ ਕਹਾਣੀ ਦੇ ਬਹੁਤ ਹਨ, ਪਰ ਇੱਥੇ ਇੱਕ ਅੱਧ ਹੱਡ ਵਰਤਿਆ ਕੀਰਤਨ ਚੋਜ ਦੀ ਪਾਰਸ ਕਲਾ ਦਾ ਨਜ਼ਾਰਾ ਹੂ-ਬ-ਹੂ ਦੱਸਣਾ ਆਨੰਦ ਤੋਂ ਖਾਲੀ ਨਹੀਂ ਹੋਵੇਗਾ। ਇੱਕ ਵਾਰ ਦਾ ਜ਼ਿਕਰ ਹੈ ਕਿ ਅਸੀਂ ਸੂਧੇ ਸਾਦੇ ਕੀਰਤਨ ਦੇ ਚਾਉ-ਚਾਈਲੇ ਸਮੂਹ ਕੀਰਤਨੀ ਸਿੰਘਾਂ ਸੰਯੁਕਤ ਪਿੰਡ ਧਾਂਦਰੇ ਜਿਲ੍ਹਾ ਲੁਧਿਆਣਾ ਵਿਖੇ ਸ਼ਬਦ ਅਭਿਆਸ ਆਨੰਦ ਮਸਤ ਹੋਏ ਕੀਰਤਨ ਕਰ ਰਹੇ ਸੀ ਕਿ ਜੋੜੀ ਬਜਾਵਣਹਾਰਾ ਰਾਗ ਵਿੱਦਿਆ ਦਾ ਪ੍ਰਬੀਨ ਸੂਰਮਾ ਸਿੰਘ ਕਿਧਰੋਂ ਆਕੇ ਜੋੜੀ ਵਜਾਉਣ ਲੱਗ ਗਿਆ। ਅਸੀਂ ਉਦੋਂ ਢੋਲਕੀ ਨਾਲ ਹੀ ਕੰਮ ਸਾਰ ਲੈਂਦੇ ਸਾਂ ਅਤੇ ਹੁਣ ਭੀ ਇਵੇਂ ਹੀ ਸਾਰ ਲੈਂਦੇ ਹਾਂ, ਰਾਗ ਦੇ ਘਰ ਦੀ ਸਾਨੂੰ ਕੁਛ ਸੂਝ ਨਹੀਂ ਸੀ ਅਤੇ ਨਾ ਹੀ ਹੁਣ ਹੈ। ਐਵੇਂ ਫੋਕਲੀ ਡੀਂਗ ਮਾਰੀਏ ਤਾਂ ਕੀ ਫਾਇਦਾ ? ਕੀਰਤਨ ਦੇ ਬਾਲ-ਸੁਭਾਈ ਚਾਉ ਵਿੱਚ ਗੁਰਬਾਣੀ ਗਾਵਣੀ ਆਪਣਾ ਸੁਭਾਗ ਸਮਝਦੇ ਸਾਂ ਅਤੇ ਨਿਰੋਲ ਗੁਰਬਾਣੀ ਦਾ ਕੀਰਤਨ ਹੀ ਮੁੱਢ ਤੋਂ ਮੁੱਖ ਰੱਖਿਆ।

ਗੁਰੂ ਮਹਾਰਾਜ ਦੀ ਕਿਰਪਾ ਦੁਆਰਾ ਐਨਾ ਮਹਿਸੂਸ ਜ਼ਰੂਰ ਹੋ ਜਾਂਦਾ ਹੈ ਕਿ ਕੀਰਤਨ ਦਾ ਰਸ ਖੱਝ ਗਿਆ। ਰਸ ਬੱਝੇ ਦਾ ਅਹਿਸਾਸ ਪ੍ਰਤੀਤ ਹੋਏ ਬਿਨਾਂ ਅਸੀਂ ਕੀਰਤਨ ਲੇਖੇ ਲਗਿਆ ਨਹੀਂ ਸਾਂ ਸਮਝਦੇ ਅਤੇ ਕੀਰਤਨ ਕਰਦੇ ਭੀ ਆਤਮ ਰਸ ਲੈਣ ਲਈ, ਲੋਕਾਂ ਨੂੰ ਦਿਖਾਉਣ ਰਿਝਾਉਣ ਦਾ ਕੋਈ ਤਾਤਪਰਜ ਨਹੀਂ ਸੀ ਹੁੰਦਾ ਅਤੇ ਨਾ ਹੀ ਅੱਜ ਤੱਕ ਹੋਇਆ ਹੈ।

ਰਸ ਪ੍ਰਾਇਣ ਹੁੰਦੇ ਹੋਇਆਂ ਘੰਟਿਆਂ ਬੱਧੀ ਥੱਕਣਾ ਹੀ ਨਾ। ਕੀਰਤਨ ਦੇ ਰੰਗ ਦੂਣ-ਸਿਵਾਏ ਖਿੜੀ ਜਾਣੇ। ਏਸ ਖਿੜਾਉ ਦੀ ਟੀਸੀ ਵਿੱਚ ਕੀਰਤਨੀ ਜਥਾ ਝੂਮ ਝਾਮਕੇ ਕੀਰਤਨ ਕਰ ਰਿਹਾ ਸੀ, ਜਦ ਉਹ ਰਾਗ ਪ੍ਰਬੀਨ ਜੋੜੀ ਵਜਾਉਣ ਵਾਲਾ ਸੂਰਮਾ ਆਇਆ, ਖੂਬ ਕੀਰਤਨ ਹੋਇਆ ਅਤੇ ਉਸ ਨੇ ਜਥੇ ਨੂੰ ਸੁਰ ਤਾਲ ਦੇ ਪੂਰੇ ਦੇਖਿਆ। ਕੀਰਤਨ ਦੇ ਸਮਾਪਤ ਹੋਣ ਪਸ਼ਚਾਤ ਉਸ ਨੇ ਇੱਕ ਰਾਗ ਦੇ ਜਾਣੂ ਕੀਰਤਨ-ਸਰੋਤੇ ਨਾਲ ਕੀਰਤਨ ਦੀ ਸ਼ਲਾਘਾ ਕਰਨੀ ਆਰੰਭੀ। ਉਸ ਨੂੰ ਇਹ ਪਤਾ ਨਹੀਂ ਸੀ ਕਿ ਜਥੇ ਵਿੱਚੋਂ ਕੀਰਤਨੀਆ ਸੱਜਣ ਉਸ ਦੀ ਇਹ ਕੀਰਤਨ

ਸ਼ਲਾਘਾ ਵਾਲੀ ਗੱਲ ਸੁਣ ਰਿਹਾ ਹੈ । ਬੜੀ ਹੈਰਾਨ ਕਰਨ ਵਾਲੀ ਗੱਲ, ਉਸ ਨੇ ਇਹ ਕਿਹਾ ਕਿ ਰਾਗ ਵਿੱਦਿਆ ਵਿੱਚ ਹੰਕਾਰੀ ਕਈ ਰਾਗੀਆਂ ਕੋਲੋਂ ਇਹ ਸੁਣਿਆ ਗਿਆ ਸੀ ਕਿ ਇਹ ਜਥਾ ਕੇਵਲ ਸੰਘ ਪਾੜਨਾ ਹੀ ਜਾਣਦਾ ਹੈ, ਰਾਗ ਦੇ ਘਰ ਦੀ ਕੋਈ ਸੂਝ ਬੂਝ ਨਹੀਂ, ਪਰ ਅੱਜ ਬਿਲਾ-ਵਲ ਰਾਗ ਦੇ ਸ਼ਬਦ ਬਿਲਾਵਲ ਰਾਗ ਦੇ ਤਰੰਗ ਤਰਾਨਿਆਂ ਵਿੱਚ ਇਸ ਜਥੇ ਕੋਲੋਂ ਸੁਣਕੇ ਉਹ ਅਨੰਦ ਆਇਆ, ਜਿਹੜਾ ਕਿ ਅੱਗੇ ਕਦੇ ਕਿਸੇ ਰਾਗੀ ਤੋਂ ਸੁਣਕੇ ਨਹੀਂ ਆਇਆ ਸੀ । ਵੱਡੀ ਖੂਬੀ ਇਹ ਸੀ ਕਿ ਵਕਤ ਵੇਲਾ ਵੀ ਬਿਲਾਵਲ ਰਾਗ ਦੇ ਅਲਾਪ ਦਾ ਸੀ ।

ਸੁਣ ਸੁਣਕੇ ਆਪਣੇ ਮਨ ਹੀ ਮਨ ਅੰਦਰ ਹੱਸੀਏ ਅਤੇ ਹੈਰਾਨ ਵੀ ਹੋਈਏ ਕਿਉਂ ਕਿ ਸਾਨੂੰ ਤਾਂ ਇਹ ਭੀ ਪਤਾ ਨਹੀਂ ਸੀ ਕਿ ਬਿਲਾਵਲ ਰਾਗ ਕਿਹੜਾ ਹੈ ਅਤੇ ਕਿਵੇਂ ਗਾਈਦਾ ਹੈ ਅਤੇ ਕਿਸ ਵੇਲੇ ਗਾਈਦਾ ਹੈ । ਅਸੀਂ ਕਿਸੇ ਨੇ ਭੀ ਕਿਸੇ ਰਾਗ ਵਿੱਦਿਆ ਦੀ ਟਕਸਾਲ ਤੋਂ ਰਾਗ ਅਲਾਪਣਾ ਭੀ ਨਹੀਂ ਸਿੱਖਿਆ ਸੀ । ਉਸ ਨੇ ਪੁੱਜਕੇ ਰਾਗ ਪ੍ਰਬੀਨਤਾ ਦੀ ਸ਼ਲਾਘਾ ਕੀਤੀ । ਉਸ ਦੇ ਭਾਅ ਦਾ ਸਾਰਾ ਜਥਾ ਕਿਸੇ ਖ਼ਾਸ ਰਾਗ ਪ੍ਰਬੀਨ ਰਾਗ ਵਿੱਦਿਆ ਟਕਸਾਲ ਵਿਖੇ ਰਾਗ ਵਿੱਦਿਆ ਸਿੱਖਕੇ ਆਇਆ ਹੈ । ਅਸੀਂ ਉਸ ਦੀਆਂ ਇਹ ਗੱਲਾਂ ਗੁਪਤੋ-ਗੁਪਤ ਹੀ ਸੁਣੀਆਂ ਅਤੇ ਉਸਨੂੰ ਇਹ ਜਾਨਣ ਭੇਕ ਨਹੀਂ ਦਿੱਤਾ ਕਿ ਅਸੀਂ ਕੁਛ ਸੁਣਿਆ ਹੈ । ਪਰ ਸਾਨੂੰ ਇਹ ਪੂਰਾ ਯਕੀਨ ਸੀ ਕਿ ਅਸਾਡੇ ਵਿੱਚ ਰਾਗ ਵਿੱਦਿਆ ਦਾ ਕੋਈ ਭੀ ਗੁਣ ਨਹੀਂ ਸੀ; (ਨਾ ਹੀ ਹੁਣ ਹੈ) ਸਗੋਂ ਸਾਨੂੰ ਇਹ ਨਿਸਚਿਤ ਹੋਇਆ ਅਤੇ ਪਹਿਲੇ ਹੀ ਦਿਨ ਇਸ ਗੱਲ ਉੱਤੇ ਭਰੋਸਾ ਬੱਝ ਗਿਆ ਕਿ ਆਪਣਾ ਕੀਰਤਨ ਸਤਿਗੁਰੂ ਆਪ ਹੀ ਕਲਾ ਵਰਤਾਕੇ ਕਰਾਉਂਦਾ ਹੈ ।

ਪ੍ਰੇਮ ਰਸਕ ਵੈਰਾਗੀਆਂ ਦੇ ਕੀਰਤਨ ਵਿੱਚ ਸਤਿਗੁਰੂ ਆਪ ਹੀ ਸਹਾਈ ਹੁੰਦਾ ਹੈ ਅਤੇ ਸੁੱਤੇ-ਸਿੱਧ ਹੀ ਰਾਗਾਂ ਨਾਦਾਂ ਦੀ ਗਿਆਤ ਸਫੁਰ ਆਉਂਦੀ ਹੈ । ਲੱਖ ਲੱਖ ਸ਼ੁਕਰ ਗੁਰੂ ਅੰਤਰ-ਯਾਮੀ ਦਾ ਕਿ ਆਪਣੇ ਸੇਵਕਾਂ ਤੋਂ ਆਪੇ ਹੀ ਕਲਾ ਕੀਰਤਨੀ ਸੇਵਾ ਲੈਂਦਾ ਹੈ । ਅਸੀਂ ਮੂਰਖ ਮੁਗਧ ਅਜਾਣ ਭੀ ਨਦਰ ਦ੍ਰਿਸ਼ਟ ਦੇ ਪਾਤਰ ਹੋ ਗਏ । ਧੰਨ ਸਤਿਗੁਰ ਨਾਨਕ ਨਿਰੰਕਾਰੀ ਧੰਨ ॥

GURU NANAK'S LIFE LONG COMPANION

# Rababi Bhai Mardana

**– Principal Satbir Singh Ji**

Very rare persons were blessed as much as was Bhai Mardana in the whole Sikh history. It is a historical truth that none else lived in so much close association with Guru Nanak as was the privilege of Bhai Mardana. There are also no two opinions on the fact that none but Bhai Mardana alone, came in the most close contact with Guru Nanak Dev. But there is no denying the fact, that no other person has been misunderstood and portrayed likewise to the extent to which Bhai Mardana is misinterpreted. The personality that we encounter for centuries, of Bhai Mardana is one of an ordinary Musician (marassi), who forever seems to be starving, thirsty, avaracious, beggarly and timid. But a close peep into the entire life of this great man would reveal that he was unpolluted, valiant, worthy of sacrifice during crisis and a man capable of facing dangers with cheerful countenance, and above all adept in Ragas (Music). He was one associate of Guru Nanak who managed to meet every challange and tribulation with staunch resistence. It is perhaps, one reason why Bhai Gurdas, writing his description of various tours (Udasis of Guru Nanak) in the First Var, has mentioned the name of Bhai Mardana alone, "The Guru is God's true image & the other is Mardana, the rabab player". Among the catalogue of Sikhs, contemporaneous of Guru Nanak, he (Bhai Gurdas) mentioned Mardana's name as an accomplished artist of Rabab.

Bhai Mani Singh writes that the first meeting between Guru Nanak and Mardana took place at Talwandi, where the later was born. Bhai Manohar Dass Meharban has also established the fact that Mardana was the companion of Guru Nanak since childhood, who lived at Talwandi Rai Bhoay and on Rabab. They first came in contact in 1480 and this relationship continued till his death in 1534. In this way, he spent fifty four years with Guru Nanak. Together at Sultanpur, always in the company of Guru Nanak, he seems to have died after the complete flourishment of Kartarpur Township. It was why once Guru said, "Mardana, I and you are one". It was but for this intimacy that Bhai

Mardana had a privilege which was enjoyed by the Gurus only. His use of the word "Nanak" in Bihagra Ki Var Salokas shows his close intimacy with the Guru. Undoubtedly, it was such a great privilege which no other Sikh, relative and disciple of Guru Nanak could enjoy. The heading "Salok Mardana I" attributed to these Salokas substantiates the above fact.

"Mardana" was the title conferred on him by Guru Nanak. His real name was Dana. The name of Bhai Dana's revered father and mother were Bhai Badrev and Lakho. According to Bhai Kahan Singh, writer of Mahan Kosh, he (Mardana) was born in 1459 at Talwandi. He breathed his last on November 18, 1534. But one reference made in Mahan Kosh does not seem to be historically true. It is written in Mahan Kosh that Mardana died at Kurum, the city situated on the banks of river Kurum and that Guru Nanak himself performed the last rites. But viewed from whatever quarters, Guru Nanak could not go or be at Kurum in 1534. Even if Mardana had himself gone to Kurum and died there, how could then Guru Nanak be there at his funeral. So what is credible is that Bhai Mardana died at Kartarpur and was cremated on the banks of Ravi in Guru Nanak's presence, Razda and Sazda came to settle at Kartarpur.

It all happened at Talwandi while, once lying under a tree, the sound of someone's playing on the Rabab, passed his (Guru Nanak) ears. He arose, approached the man playing on the Rabab and asked his name. He answered, „Sir, Marassi; (lord) people call me by the name 'Dana'. Hearing this Baba appreciated his fine playing on the Rabab and his excellent understanding of Ragas. Baba suggested, in case he accompained him (Guru Nanak) and sang Ragas along with Shabad, he would get the better of both the worlds. To this Dana replied, "We hardly make our both ends meet by singing Ragas before the rich. In case we follow you, our families would perish for want of food and being starved, we shall miss our prayer (Namaz) even. And thus, we shall stand condemned in both the worlds. How do you plain to liberate me?" Then, Guru Nanak said "O Dana, you are ignorant. God protects and feeds us all. Namaz (prayer) and Roza (fast) are benedictions bestowed by God. God's abode is the heart of the saints. At the final judgement none shall come to the rescue.

Guru Nanak further emphasized, "Dana, in case you now turn to be Mardana (brave) and sing Raga along with the word of God (Shabad), you will gain in both the worlds".

Dana now turned Mardana and set out with Guru Nanak to reform the people living on the earth. And thus, Kirtan came into existence. Guru's words (Shabads) and Mardana's music (Raga) created such a spell for which the world could never find a substitute, nor may it find one in the future. Bhai Mardana once asked, "Baba, is this the word of God that we sing a Kirtan ? Is this the word that contains salvation or is it some other ?" To this the Baba replied, "Kirtan is the word that Guru utters. Heart's contemplation of this word leads to salvation."

Mardana's Rabab always chanted, "Akal (God) Nanak is the devotee"...... is mentioned in History of Punjab (Tarikhe-Punjab) and Baba repeated the name of Kartar (God) time and again. Thus, Dana. who once thought of bringing up his children only, now turned Mardana and who was created only for word, Kirtan and God. Whatever Guru Nanak proposed Mardana accepted it in good faith.

Although the task was hard, but Mardana was also aware of it. And he always prayed for protection, energy and blessings. Once Mardana said, "Baba; your task is too hard to be done by a week Mardana." Guru Nanak remarked, "Anyway. Mardana, you have to stay with me." Then, Mardana prayed, "I can stay only if you bless me with your own kind of patience. As you are not subject to thirst and hunger, so should I be free from their hold. Lift me as well to your own level of existence. I shall stay in case you grant me this favour, or else let me go." Guru Nanak remarked, "Well Mardana; you have made a noble request." When Baba Nanak blessed him with the favour Mardana atonce composed and sang, all the rest eclipsed, thou & only thou represent Him. But the Apostle of humility, Guru Nanak instantly pointed, 'Almighty God alone is worth admiration. Who are we creatures to be near Him ?" But Mardana who had been aware of Guru Nanak's life and discipline, repeated. "The son of Kalu (Mehta) is preserver and destroyer. None else but God alone can excell you." Whenever, Mardana asked for any favour, It was always for blessing of patience or the end of outward conflicts in his mind. Once Mardana said, "Baba you and I are of one profession, thou are God's rababi myself yours. Since, thou are in touch with the Divine, suffer me not

by separation from you, neither here nor in the next world." Showering his blessings, Nanak remarked, "Mardana, I shall dwell with you, wherever you may be."

The discourse that passed between Guru Nanak and Mardana during his later years also needs some consideration, How much intimate and frank Mardana grew with Guru Nanak, is evident from his discussions. Visualising the approaching end of Mardana, Guru Nanak once asked, " Consequent upon your wishes, your body after death, may be let into water like Brahmin's or it may be cremated like Khatri's, or it may be thrown to winds like one of a Parsee or it may be burried like that of a Muslim." Mardana answered, "Well, Baba, you still think of the body. By the grace of your teachings, I have entirely forgotton of the bodly. Now I regard my soul as the sole guardian of my body." Again Guru Nanak exclaimed, "Shall I make you famous after constructing a suitable tomb and render thee famous in the world ?" Mardana replied, "When my soul has been separated from its bodily tomb, why shut it up in the stone tomb?" Baba, stepped forward, embraced Mardana and declared, "Mardana, you have realized the infinite."

Mardana compares human personality of those living in the Dark-age to a vessel used for the extraction of wine. Lust is the wine that human heart continues to consume. Human wrath makes the cup, temptations fill it and vanity feeds it. By partaking this wine in the company of unsanctified beings. human heart is degrading itself continuously.

In the Second Saloka, Mardana regards it a furtherplunge into evils for those who partake at this fictitious wine. In the third saloka, suggesting a way out from these evils, Mardana thinks that man can find an escape from the evils provided his body (vesel) partakes the wine of Nectar (Amrit)— a wine that inspires the urge for inner realization and Immortality, from a cup of devotion, in the company of honest and chaste persons."

To say the least, Bhai Dana (Mardana) was a man who, having Devoted the most intimate relations with Guru Nanak, did so many deeds of bravery that he really deserved to be called a Mardana. Whosoever shall remember, Guru Nanak Mardana's name will itself pass his lips.

---

ਮੁਲਾਕਾਤ

# ਭਾਈ ਦਿਲਬਾਗ ਸਿੰਘ
# ਭਾਈ ਗੁਲਬਾਗ ਸਿੰਘ

**ਤਾਰਨ ਗੁਜਰਾਲ**

ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ ਜੀ ਨਾਲ ਮੇਰੀ ਜਾਣ-ਪਛਾਣ ਸੰਨ 1977 ਵਿੱਚ ਹੋਈ ਜਦ ਮੈਂ ਉਨ੍ਹਾਂ ਨੂੰ ਕਾਨਪੁਰ ਗੁਰਪੁਰਬ ਦੀ ਸਟੇਜ 'ਤੇ ਸੁਣਿਆ। ਐਨੀ ਬੇਬਾਕੀ ਨਾਲ ਧਾਰਮਿਕ ਸਟੇਜ ਤੇ ਕਲਾਸੀਕਲ ? ਠੇਠ ਪੱਕਾ ਰਾਗ ਸੁਣਕੇ ਮੈਂ ਜਿਵੇਂ ਕੀਲੀ ਗਈ ਤੇ ਦਿਲ ਕੀਤਾ ਕਿ ਹੁਣੇ ਇਨ੍ਹਾਂ ਨਾਲ ਮੁਲਾਕਾਤ ਕਰਕੇ ਸੁਣਨ ਦਾ ਹੋਰ ਵੱਖਰਾ ਸਮਾਂ ਲਿਆ ਜਾਵੇ, ਪਰ ਅਦਰੋਂ ਘਬਰਾਹਟ ਕਿ ਐਨੇ ਵੱਡੇ ਕਲਾਕਾਰ ਪਤਾ ਨਹੀਂ ਸਿੱਧੇ ਮੂੰਹ ਗੱਲ ਵੀ ਕਰਨਗੇ ਜਾ ਨਹੀਂ। ਗੁਜਰਾਲ ਜੀ ਨੇ ਹੋਰ ਵੀ ਸੰਸੇ ਵਿੱਚ ਪਾ ਦਿੱਤਾ ਕਿ ਪਤਾ ਨਹੀਂ ਕਿੰਨੀ ਕੁ ਇਨ੍ਹਾਂ ਦੀ ਡੀਮਾਂਡ ਹੋਵੇਗੀ ਜੇ ਘਰ ਪ੍ਰੋਗਰਾਮ ਕੀਤਾ ਜਾਵੇ।

ਪਰ ਰਾਤ ਫਿਰ ਉਸੇ ਸਟੇਜ 'ਤੇ ਉਨ੍ਹਾਂ ਨੂੰ ਹੋਰ ਵੀ ਵਧ ਚੜ੍ਹ ਕੇ ਗਾਉਂਦਿਆਂ ਸੁਣਿਆ ਤਾਂ ਸਾਰੇ ਸੰਸੇ ਭੁੱਲ ਕੇ ਉਨ੍ਹਾਂ ਨੂੰ ਪ੍ਰੋਗਰਾਮ ਦੇ ਕੇ ਬਾਹਰ ਨਿਕਲਦਿਆਂ ਹੀ ਨਮਸਕਾਰ ਕੀਤੀ ਤੇ ਪ੍ਰੋਗਰਾਮ ਬਾਰੇ ਪੁੱਛਿਆ ਤਾਂ ਉਹ ਤੇ ਜਿਵੇਂ ਉਡੀਕ ਹੀ ਰਹੇ ਸਨ, ਇਕ-ਦਮ ਕਹਿਣ ਲਗੇ, "ਫਿਰ ਦੱਸੋ ਤੁਸੀਂ ਸਾਡੇ ਕੋਲ ਆਉਗੇ ਜਾਂ ਅਸੀਂ ਪਹੁੰਚੀਏ ?"

ਮੇਰੀ ਹੈਰਾਨੀ ਤੇ ਖ਼ੁਸ਼ੀ ਦੀ ਕੋਈ ਹੱਦ ਨਹੀਂ ਸੀ। ਉਸ ਤੋਂ ਪਿਛੋਂ ਅਸਾਂ ਕਈ ਵਾਰ ਉਨ੍ਹਾਂ ਨੂੰ ਕਾਨਪੁਰ ਸੱਦਿਆ ਤੇ ਕਈ ਉੱਚ ਕੋਟੀ ਦੀਆ ਮਹਿਫਲਾਂ ਤੇ ਸਟੇਜਾਂ ਤੇ ਉਨ੍ਹਾਂ ਖ਼ੂਬਸੂਰਤ ਪ੍ਰਦਰਸ਼ਨ ਕੀਤੇ ਹਨ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਉਂਜ ਭਾ: ਦਿਲਬਾਗ ਸਿੰਘ ਜੀ ਹਕਲਾਅ ਕੇ ਬੋਲਦੇ ਹਨ ਪਰ ਗਾਉਂਦਿਆਂ ਤਾਨਾਂ ਐਸੀਆਂ ਲਾਉਂਦੇ ਹਨ ਕਿ ਮੂੰਹੋਂ ਵਾਹ...ਵਾਹ... ਨਿਕਲ ਜਾਂਦੀ ਹੈ।

ਭਾਈ ਗਲਬਾਗ ਸਿੰਘ ਜੀ ਦਾ ਆਪਣਾ ਹੀ ਰੰਗ ਹੈ। ਓਹ ਇਤਨੀ ਸੂਝ ਤੇ ਬਰੀਕੀ ਨਾਲ ਮੀਂਡ ਲੈਂਦੇ ਹਨ ਤੇ ਤਾਨਾਂ ਇਤਨੀਆਂ ਦਾਣੇਦਾਰ ਤੇ ਗਮਕਦੀਆਂ ਲਾਉਂਦੇ ਹਨ ਕਿ ਚੰਗੇ-ਚੰਗੇ ਗਾਇਕ ਲੋਹਾ ਮੰਨ ਜਾਣ। ਦੋਵੇਂ ਭਰਾ ਇੱਕ ਦੂਜੇ ਦੇ ਪੂਰਕ ਹਨ। ਦੁਆ ਕਰਦੀ ਹਾਂ ਕਿ ਇਹ ਜੋੜੀ ਇਵੇਂ ਹੀ ਸਲਾਮਤ ਰਹੇ ਤੇ ਹੋਰ ਵੱਡੀਆਂ ਮੱਲਾਂ ਮਾਰੇ। ਪੇਸ਼ ਹੈ ਉਹਨਾਂ ਨਾਲ ਕੀਤੀ ਮੁਲਾਕਾਤ -

"ਸੁਰ ਦਾ ਸ਼ੌਕ ਕਦੋਂ ਤੇ ਕਿਵੇਂ ਜਾਗਿਆ ਤੇ ਪਹਿਲਾ ਉਸਤਾਦ ਕੌਣ ਸੀ ?"

"ਮਾਂ ਦੇ ਦੁੱਧ ਤੋਂ ਹੀ ਇਹ ਸੁਗਾਤ ਮੈਨੂੰ ਮਿਲੀ। ਅਸੀਂ ਭਾ: ਮਰਦਾਨਾ ਜੀ ਦੀ ਬੰਸ 'ਚੋਂ ਹਾਂ, ਪਰ ਮੇਰੇ ਪਿਤਾ ਜੀ ਨੂੰ ਗਾਉਣਾ ਨਹੀਂ ਸੀ ਆਉਂਦਾ, ਉਹ ਸ਼ੌਕ ਨਾਲ ਤਬਲਾ ਵਜਾਉਂਦੇ ਸਨ। ਮੇਰੇ ਨਾਨਾ ਭਾ: ਨੰਦ ਜੀ ਸੰਗੀਤ ਦੇ ਮਹਾਰਥੀ ਸਨ ਤੇ ਗੁਰੂ ਦੇ ਕੀਰਤਨੀਏ ਸਨ। ਉਹ ਬਹੁਤਾ ਸਾਡੇ ਕੋਲ ਹੀ ਰਹਿੰਦੇ ਸਨ। 10-12 ਸਾਲਾਂ ਦਾ ਸਾਂ ਜਦੋਂ ਉਨ੍ਹਾਂ ਨੂੰ ਗਾਉਂਦਿਆਂ

ਸੁਣ ਕੇ ਅੰਦਰੋਂ ਸੁਰ ਜਾਗੀ ਤੇ ਮੈਂ ਉਨ੍ਹਾਂ ਨਾਲ ਬਹਿਣਾ ਸ਼ੁਰੂ ਕਰ ਦਿਤਾ। ਹੌਲੀ-ਹੌਲੀ ਉਨ੍ਹਾਂ ਮੈਨੂੰ ਬਾਕਾਇਦਾ ਸਿੱਖਿਆ ਦੇਣੀ ਸ਼ੁਰੂ ਕੀਤੀ, ਪਰ ਮੇਰੇ ਵਿੱਚ ਬਚਪਨਾ ਸੀ ਤੇ ਉਹ ਮੈਨੂੰ ਟੋਕਦੇ ਨਹੀਂ ਸਨ, ਨਾ ਹੀ ਕਦੇ ਮਾਰਦੇ ਘੂਰਦੇ ਸਨ ਸੋ ਲਾਡ-ਲਾਡ ਵਿੱਚ ਕੁਝ ਸਿਖ ਨਹੀਂ ਸਕਿਆ। ਹਾਲੀਂ 10ਵੀਂ ਵਿੱਚ ਹੀ ਪੜ੍ਹਦਾ ਸਾਂ ਕਿ ਨਾਨਾ ਜੀ ਦਸੂਹੇ ਪੰਡਿਤ ਬਾਊ ਰਾਮ ਜੀ ਪਾਸ ਸੰਗੀਤ ਵਿੱਦਿਆ ਲਈ ਛੱਡ ਆਏ ਕਿ ਇਸ ਨੂੰ ਸਖਤੀ ਨਾਲ ਸਿਖਾਇਆ ਜਾਏ।"

? "ਐਨਾ ਕੋਮਲ ਹੁਨਰ ਤੇ ਸਖਤੀ ?"

— ਕਲਾ ਤਾਂ ਕੋਮਲ ਠੀਕ ਹੈ ਪਰ ਬਚਪਨਾ ਸੀ ਤੇ ਇਹ ਹੁਨਰ ਹੀ ਸਾਰਾ ਹਿਸਾਬ ਤੇ ਗਿਣਤੀਆਂ ਦਾ ਹੈ।

? ਸੁਣੀਂਦਾ ਸੀ ਕਿ ਉਸਤਾਦ ਚਿਲਮਾਂ ਭਰਵਾਉਂਦੇ ਤੇ ਮੁੱਠੀ ਚਾਪੀ ਕਰਵਾਉਂਦੇ ਸਨ। ਕੀ ਤੁਸੀਂ ਵੀ ਇਵੇਂ ਕਰਦੇ ਰਹੇ ?"

— ਬਿਨਾਂ ਖਿਦਮਤ ਦੇ ਕੰਮ ਬਣਦਾ ਨਹੀਂ। ਮੈਂ ਰੋਜ਼ ਉਨ੍ਹਾਂ ਦੇ ਜਾਣਾ, ਭਾਡੇ ਮਾਂਜਣੇ, ਝਾੜੂ ਬੁਹਾਰੀ ਕਰਨੀ, ਕੱਪੜੇ ਧੋਣੇ। ਪਰ ਕਦੀ ਮੂੰਹ ਖੋਲ੍ਹ ਕੇ ਕਹਿ ਨਹੀਂ ਸਕਿਆ ਕਿ ਫਲਾਨਾ ਰਾਗ ਸਿਖਾਓ। ਜਦੋਂ ਉਨ੍ਹਾਂ ਦੀ ਮੌਜ ਹੁੰਦੀ ਸਿਖਾਉਂਦੇ। ਦੋ ਤਿੰਨ ਸਾਲਾਂ ਵਿੱਚ ਉਨ੍ਹਾਂ ਸਿਰਫ ਦੋ ਤਿੰਨ ਬੰਦਸ਼ਾਂ ਹੀ ਸਿਖਾਈਆਂ ਪਰ ਉਨ੍ਹਾਂ ਕੋਲ ਬਹਿਣ ਤੇ ਸੇਵਾ ਕਰਨ ਨਾਲ ਹੀ ਬਹੁਤ ਕੁਝ ਲਭ ਗਿਆ। ਕੁਝ ਘਰ ਦੇ ਹਾਲਾਤ ਐਸੇ ਸਨ ਕਿ ਇਸੇ ਫਨ 'ਚੋਂ ਰੋਟੀ ਕਮਾਉਣ ਲਈ ਹੋਰ ਬਹੁਤੀ ਮੁਸ਼ਕਤ ਕਰਨੀ ਸ਼ੁਰੂ ਕਰ ਦਿੱਤੀ।

? ਪਹਿਲਾ ਪ੍ਰਦਰਸ਼ਨ ਕਿਸ ਤਰ੍ਹਾਂ ਤੇ ਕਿੱਥੇ ਕੀਤਾ ?

— ਪਹਿਲਾਂ ਨਾਨਾ ਜੀ ਨਾਲ ਕੀਰਤਨ 'ਤੇ ਬਹਿੰਦੇ ਰਹੇ ਪਰ ਨਾਲ ਕਲਾਸੀਕਲ ਦਾ ਸ਼ੌਕ ਹੋਣ ਕਰਕੇ ਰਿਆਜ਼ ਵੀ ਜਾਰੀ ਰਿਹਾ। ਕਲਾਸੀਕਲ ਦਾ ਪਹਿਲਾ ਪ੍ਰਦਰਸ਼ਨ ਹੁਸ਼ਿਆਰਪੁਰ ਬਾਬਾ ਭੰਡਾਰੀ ਜੀ ਦੇ ਮੇਲੇ 'ਤੇ ਬਸੰਤ ਪੰਚਮੀ ਵਾਲੇ ਦਿਨ ਹੋਇਆ। ਬਹੁਤ ਭਾਰੀ ਇੱਕਠ ਸੀ ਤੇ ਭਾਰਤ ਭਰ ਤੋਂ ਚੋਟੀ ਦੇ ਗਾਇਕ ਕਲਾਕਾਰ ਪਹੁੰਚੇ ਹੋਏ ਸਨ। ਉਨ੍ਹਾਂ ਵਿੱਚ ਸਲਾਮਤ ਨਜ਼ਾਕਤ, ਠਾਕੁਰ ਉਂਕਾਰ ਨਾਥ ਜੀ, ਪਟਵਰਧਨ ਜੀ ਤੇ ਹੋਰ ਕਈ ਗਾਇਕ ਵੀ ਸਨ। ਮੇਰਾ ਪਹਿਲਾ ਪ੍ਰੋਗਰਾਮ ਹੀ ਬਹੁਤ ਸਲਾਹਿਆ ਗਿਆ ਤੇ ਮੇਰਾ ਹੌਸਲਾ ਵਧਿਆ।

? ਉਸਤੋਂ ਪਿੱਛੋਂ ਕਿੱਥੇ-ਕਿੱਥੇ ਪ੍ਰੋਗਰਾਮ ਕੀਤੇ ਤੇ ਗੁਲਬਾਗ ਜੀ ਕਿਵੇਂ ਨਾਲ ਰਲੇ ?

—ਉਸ ਤੋਂ ਪਿੱਛੋਂ ਛੋਟੇ ਮੋਟੇ ਪ੍ਰੋਗਰਾਮਾਂ ਤੋਂ ਇਲਾਵਾ ਮੈਂ ਗੜ੍ਹਦੀਵਾਲਾ ਸੰਗੀਤ ਦੀ ਮਹਿਫਲ ਵਿੱਚ ਗਾਇਆ। ਇਸ ਵਿੱਚ ਪੰਜਾਬ ਦੇ ਨਾਮੀ ਗਾਇਕ ਮਾਸਟਰ ਰਤਨ ਤੇ ਸਤਪਾਲ ਅਪਰਾ ਵੀ ਸ਼ਾਮਲ ਸਨ। ਉਸ ਵੇਲੇ ਤੱਕ ਮੈਂ ਚੰਗਾ ਗਾ ਸਕਦਾ ਸਾਂ ਤੇ ਸ਼ੁਹਰਤ ਦੀ ਹਵਾ ਵੀ ਇਲਾਕੇ ਵਿੱਚ ਫੈਲ ਗਈ ਸੀ। ਨਾਨਾ ਜੀ ਬਹੁਤ ਖੁਸ਼ ਸਨ ਤੇ ਅਸੀਸਾਂ 'ਚੋਂ ਹੀ ਉਨ੍ਹਾਂ ਤੋਂ ਅਲਵਿਦਾ ਲੈ ਲਈ। ਇਸ ਤੋਂ ਪਿੱਛੋਂ ਮੈਂ ਆਪ ਇੱਕਲਿਆਂ ਹੀ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ।

? ਵਿਆਹ ਕਦੋਂ ਹੋਇਆ ? ਐਹੋ ਜਿਹੀ ਕੋਮਲ ਕਲਾ ਸਾਂਭਣ ਵਾਲਾ ਦਿਲ ਵੀ ਸਾਰੀ ਹਯਾਤੀ ਮਾਰੂਥਲ ਹੀ ਲੱਭਦਾ ਰਿਹਾ, ਕਿਧਰੇ ਕੋਈ ਹਰਿਆ ਟੋਟਾ ਵੇਖਿਆ ਹੋਵੇ ਤਾਂ ਮੈਨੂੰ ਵੀ ਵਿਖਾਓ।

— ਰੋਟੀ ਦਾ ਹੀ ਫਿਕਰ ਸੀ। ਇਸ਼ਕ ਵੀ ਮੇਰਾ ਸੁਰ ਨਾਲ ਹੀ ਹੋਇਆ ਅਸਲ ਵਿਆਹ ਵੀ ਸੁਰ ਨਾਲ ਹੀ ਹੋਇਆ, ਉਹ ਹੀ ਵਿਹਲ ਨਹੀਂ ਸੀ ਦਿੰਦੀ। ਫਿਰ ਵੀ ਦੁਨੀਆਵੀ ਵਿਆਹ ਕੀਤਾ ਤੇ ਬੱਚੇ ਵੀ ਤਿੰਨ ਬੀਬੀਆਂ ਤੇ ਇੱਕ ਕਾਕਾ ਹੈ।

? ਆਪਣੀ ਸਾਥਣ ਨਾਲ ਸੰਤੁਸ਼ਟ ਹੋ ?

— ਪਹਿਲਾਂ ਉਹ ਸਖ਼ਤ ਤਬੀਅਤ ਦੀ ਸੀ ਅਤੇ ਬਹੁਤ ਖਿੱਝਦੀ ਸੀ ਕਿ ਹਰ ਵੇਲੇ ਕੀ ਹਾ ਹਾਅ ਕਰਦੇ ਰਹਿੰਦੇ ਨੇ, ਪਰ ਬਾਅਦ ਵਿੱਚ ਸਮਝ ਗਈ ਤੇ ਹੁਣ ਸਭ ਠੀਕ ਹੈ।"

? "ਹੁਣ ਤੱਕ ਦੀਆਂ ਪ੍ਰਾਪਤੀਆਂ ਬਾਰੇ ਦੱਸੋ ?"

"ਕਈ ਕੰਪੀਟੀਸ਼ਨ ਜਿੱਤ ਚੁੱਕੇ ਹਾਂ। ਪਹਿਲਾ 1974 ਵਿੱਚ ਮੰਜੀ ਸਾਹਿਬ ਅੰਮ੍ਰਿਤਸਰ ਵਿੱਚ ਹੋਇਆ, ਜਿਸ ਵਿਚ ਤੀਹ ਜੱਥਿਆਂ ਨੇ ਹਿੱਸਾ ਲਿਆ। ਰਾਗ ਕੇਦਾਰ ਗਾਉਣਾ ਸੀ। ਜੱਜ ਸਨ ਪ੍ਰੋਫੈਸਰ ਰਾਜਿੰਦਰ ਸਿੰਘ, ਭਾ: ਅਰੁਦਮਨ ਸਿੰਘ ਬਾਗੜੀਆ, ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਸਿੰਘ ਸਾਹਿਬ ਗਿਆਨੀ ਪ੍ਰਿਤਪਾਲ ਸਿੰਘ ਜੀ ਵੀ ਸਨ। ਉਸ ਵੇਲੇ ਘਰ ਕੱਚੀ ਜਿਹੀ ਕੋਠੜੀ ਸੀ ਅਤੇ ਅਸੀਂ ਬੋਰੀ ਤੇ ਬਹਿ ਕੇ ਰਿਆਜ਼ ਕਰਦੇ ਹੁੰਦੇ ਸਾਂ। ਉਦੋਂ ਹੀ ਇੱਕ ਦਿਨ ਰਿਆਜ਼ ਕਰ ਰਹੇ ਸਾਂ ਤਾਂ ਪਿੰਡ ਦਾ ਐਮ. ਐਲ. ਏ, ਸਤਪਾਲ ਸਿੰਘ ਆਜ਼ਾਦ ਵਧਾਈ ਦੇਣ ਗਿਆ ਤਾਂ ਹੈਰਾਨ ਰਹਿ ਗਿਆ ਕਿ ਇਸ ਤਰ੍ਹਾਂ ਦੇ ਕਲਾਕਾਰਾਂ ਦੀ ਕੀ ਹਾਲਤ ਹੈ।"

? "ਉਨ੍ਹਾਂ ਤੁਹਾਡੇ ਲਈ ਕੀ ਕੀਤਾ ?"

"ਕੀਤਾ ਤਾਂ ਕੁਝ ਨਹੀਂ, ਪਰ ਉਸ ਤੋਂ ਬਾਅਦ ਸਾਡੀ ਸ਼ੁਹਰਤ ਵਧਦੀ ਗਈ।

? "ਅਸੀਂ ਗੱਲਾਂ ਵਿੱਚ ਭਾ: ਦਿਲਬਾਗ ਸਿੰਘ ਜੀ ਦੇ ਬਾਰੇ ਤਾਂ ਵਿਸਰ ਹੀ ਗਏ।"

— "ਉਹ ਹਾਲੀਂ ਅਠਵੀਂ ਵਿੱਚ ਹੀ ਸਨ, ਜਦੋਂ ਮੇਰੇ ਨਾਲ ਬਹਿਣਾ ਸ਼ੁਰੂ ਕਰ ਦਿੱਤਾ। ਸੁਰ ਦੇ ਐਨੇ ਤਿੱਖੇ ਸਨ ਕਿ ਸਿਰਫ ਮੈਨੂੰ ਸੁਣ-ਸੁਣ ਕੇ ਹੀ ਬਹੁਤ ਛੇਤੀ ਗਾਉਣ ਲੱਗ ਪਏ। ਪਹਿਲਾਂ ਤਾਂ ਮੈਂ ਇਸ ਆਵਾਜ਼ ਦਾ ਆਸਰਾ ਮਹਿਸੂਸ ਕਰਦਾ ਸਾਂ ਪਰ ਹੁਣ ਤਾਂ ਇਹ ਮੇਰੀ ਆਵਾਜ਼ ਦਾ ਹਿੱਸਾ ਬਣ ਚੁੱਕੀ ਹੈ। ਉਸ ਤੋਂ ਪਿੱਛੋਂ ਸੰਨ 1975 ਵਿੱਚ ਅਸੀਂ ਆਨੰਦਪੁਰ ਸਾਹਿਬ ਹੋਲੇ ਮਹੱਲੇ ਤੇ ਕੀਰਤਨ ਦਰਬਾਰ ਲਈ ਤਿਆਰ ਹੋ ਕੇ ਗਏ, ਪਰ ਉੱਥੇ ਕੁਝ ਰਾਗੀ ਸਿੰਘਾਂ ਨੇ ਇਤਰਾਜ਼ ਕੀਤਾ ਕਿ ਇਹ ਅੰਮ੍ਰਿਤਧਾਰੀ ਤੇ ਕੇਸਾਧਾਰੀ ਨਹੀਂ, ਇਨ੍ਹਾਂ ਨੂੰ ਕੀਰਤਨ ਕਰਨ ਦੀ ਇਜਾਜ਼ਤ ਨਾ ਦਿੱਤੀ ਜਾਵੇ।

ਅਸੀਂ ਗੁਰੂ ਤੇ ਸਿਦਕ ਰੱਖਣ ਵਾਲੇ ਤੇ ਗੁਰਬਾਣੀ ਅਤੇ ਰਾਗ ਦੇ ਦੀਵਾਨੇ ਸਾਂ, ਸੋ ਇੱਕ ਦਮ ਅੰਮ੍ਰਿਤਪਾਨ ਕਰਨ ਦਾ ਫੈਸਲਾ ਕੀਤਾ। ਬੇੜਾ ਤਿਆਰ ਸੀ... ਸੈਂਕੜੇ ਲੋਕੀ ਅੰਮ੍ਰਿਤਪਾਨ

ਕਰ ਰਹੇ ਸਨ। ਅਸੀਂ ਦੋਵੇਂ ਭਰਾ ਤੇ ਸਾਡੇ ਪਿਤਾ ਭਾ: ਬੂਟਾ ਜੀ ਵੀ ਸ਼ਾਮਲ ਹੋ ਗਏ ਤੇ ਇਸ ਬੇੜੇ ਤੇ ਸੁਆਰ ਹੋ ਗਏ।

ਉਸ ਰਾਤ ਅਸਾਂ ਉਸੇ ਦਸਮੇਸ਼ ਪਾਤਸ਼ਾਹ ਦਾ ਅੰਮ੍ਰਿਤਪਾਨ ਕਰਕੇ ਤੇ ਸਿੰਘ ਸਜਕੇ ਐਸਾ ਕੀਰਤਨ ਕੀਤਾ ਕਿ ਬਖ਼ਸ਼ਿਸ਼ਾਂ ਨਾਲ ਲੱਦੇ ਗਏ। ਉੱਥੇ ਅਸਾਂ ਰਾਗ ਬਸੰਤ ਗਾਇਆ।

ਸੰਨ 1978 ਵਿੱਚ ਰੇਡਿਓ ਆਡੀਸ਼ਨ ਪਾਸ ਹੋ ਗਈ ਤੇ ਅਸੀਂ ਜਲੰਧਰ, ਦਿੱਲੀ ਤੇ ਲਖਨਊ ਤੋਂ ਅਕਸਰ ਪ੍ਰੋਗਰਾਮ ਦਿੰਦੇ ਹਾਂ। ਟੀ. ਵੀ. ਤੇ ਵੀ ਪ੍ਰੋਗਰਾਮ ਦਿੱਤੇ ਹਨ। ਕਾਨਪੁਰ ਅਵਧ ਬਿਹਾਰੀ ਮੰਦਰ ਵੱਲੋਂ ਹਰ ਸਾਲ ਉੱਚ ਪਾਏ ਦੀ ਹੁੰਦੀ ਮਿਊਜ਼ਿਕ ਕਾਨਫਰੰਸ ਵਿੱਚ 1978 ਵਿੱਚ ਹਿੱਸਾ ਲਿਆ ਤੇ ਪਹਿਲੇ ਨੰਬਰ ਤੇ ਆਏ। 1980 ਅਤੇ 1981 ਵਿੱਚ ਹਰਵਲਭ ਦੇ ਮੇਲੇ ਤੇ ਗਾਇਆ ਤੇ ਚੰਗਾ ਨਾਮਣਾ ਖੱਟਿਆ। ਹੁਣ ਤੱਕ ਭਾਰਤ ਦੇ ਕਈ ਸ਼ਹਿਰਾਂ ਤੇ ਪਿੰਡਾ ਵਿਚ ਕਲਾਸੀਕਲ ਗਾ ਚੁਕੇ ਹਾਂ।

? ਰਿਆਜ਼ ਕਿੰਨਾ ਤੇ ਕਿਸ ਵਕਤ ਕਰਦੇ ਹੋ ?''

— ਸਵੇਰੇ ਤੇ ਸ਼ਾਮ ਵੱਧ ਤੋਂ ਵੱਧ ਸਮਾਂ ਰਾਗ ਨੂੰ ਦਿੰਦੇ ਹਾਂ। ਅਸੀਂ ਫੁੱਟਵਾਲ ਖੇਡਣ ਦੇ ਬਹੁਤ ਦੀਵਾਨੇ ਹਾਂ। ਖੇਡਕੇ ਮਿੱਟੀ ਪਸੀਨੇ ਨਾਲ ਲਥਪਥ ਹੀ ਰਿਆਜ਼ ਕਰਨ ਬਹਿ ਜਾਂਦੇ ਹਾਂ। ਰੋਟੀ ਭਾਵੇਂ ਖੁੰਝ ਜਾਵੇ, ਪਰ ਰਿਆਜ਼ ਨਹੀਂ ਖੁੰਝਾਉਂਦੇ।

ਹਾਲੀ ਤੱਕ ਅਸੀਂ ਬਲਬੀਰ ਸੇਠ ਜੀ ਪਾਸੋਂ ਸਿੱਖਿਆ ਲੈ ਰਹੇ ਹਾਂ। ਕਈ ਨਵੇਂ ਰਾਗ ਉਨ੍ਹਾਂ ਸਾਨੂੰ ਸਿਖਾਏ ਹਨ। ਅਸੀਂ ਅਕਸਰ ਉਨ੍ਹਾਂ ਕੋਲ ਜਲੰਧਰ ਜਾਂਦੇ ਹਾਂ।

? "ਆਪ ਜੀ ਦੀ ਪਸੰਦ ਦੇ ਗਾਇਕ ਕੌਣ-ਕੌਣ ਹਨ ?''

— ਪਟਿਆਲੇ ਵਾਲੇ ਅਮਾਨਤ ਅਲੀ, ਫਤਿਹ ਅਲੀ ਸਾਹਿਬ, ਨਜ਼ਾਕਤ ਸਲਾਮਤ ਬੜੇ ਗੁਲਾਮ ਅਲੀ ਤੇ ਭੀਮ ਸੈਨ ਜੋਸ਼ੀ ਆਦਿ।

? ਭਵਿੱਖ ਵਿੱਚ ਆਪ ਦਾ ਕੀ ਟੀਚਾ ਹੈ ?''

— ਅਸੀਂ ਹਾਲੀ ਹੋਰ ਬਹੁਤ ਦੂਰ ਤੱਕ ਇਸ ਵਿੱਦਿਆ ਵਿੱਚ ਡੁੱਬਣਾ ਚਾਹੁੰਦੇ ਹਾਂ। ਗ਼ਜ਼ਲਾਂ ਤੇ ਕੱਵਾਲੀਆਂ ਵੀ ਖਿਆਲ ਤੋਂ ਇਲਾਵਾ ਗਾ ਰਹੇ ਹਾਂ, ਪਰ ਜੋ ਰਾਹਤ ਤੇ ਆਨੰਦ ਕੀਰਤਨ 'ਚੋਂ ਮਿਲਦਾ ਹੈ ਹੋਰ ਕਿਧਰੇ ਨਹੀਂ। ਹੁਣ ਤਾਂ ਅਸੀਂ ਕੀਰਤਨ ਦਾ ਆਸਰਾ ਲੈ ਕੇ ਕਲਾਸੀਕਲ ਗਾਉਣ ਦਾ ਵਿਚਾਰ ਰੱਖਦੇ ਹਾਂ ਅਗੋਂ ਜਿਵੇਂ ਸਤਿਗੁਰੂ ਜੀ ਨੂੰ ਭਾਵੇ।''

# राग और रस

**डा. जागीर सिंह**

रस सिद्धान्त का भारतीय काव्य-शास्त्र में बहुत महत्वपूर्ण स्थान है। आचार्यों ने रस को काव्य की आत्मा कह कर रस को काव्य का एक अभिन्न अंग सिद्ध किया है। काव्य की तरह रस-सिद्धान्त को राग पर लागू किया जा सकता है। रस सिद्धान्त के आदि आचार्य भरत ने ही रस को राग और स्वर से जोड़ने के संकेत किए हैं। उसके नाट्य-शास्त्र में स्थायी स्वर, संवादी स्वर, अनुवादी स्वर और संचारी स्वर चारों की परिभाषाएं संकलित हैं। वहाँ स्वर-मेल द्वारा स्वतंत्र रूप से रस प्रक्रिया पर कोई पृथक विचार उस तरह प्रस्तुत नहीं किया गया जैसे कि श्रव्य काव्य या मुक्त काव्य में इस-प्रक्रिया के बारे में पृथक विचार प्रस्तुत नहीं किया गया। इसलिए भरत के दृश्य काव्य (नाटक) से संबंधित रस-सिद्धान्त यदि कविता पर लागू किया जा सकता है तो इसे राग पर भी लागू किया जा सकता है।

भरत ने सभी स्वरों के साथ कोई न कोई रस संबंधित किया है। इन स्वरों में ही अलग-अलग स्वर राग के रस अनुसार विभव, अनुभव और विभवाचारी भावों के संयोग से रस की अभिव्यक्ति होती है।जैसे कविया में हरेक प्रकार के रस प्रकट करने के लिए विभव, अनुभव विभचारी या संचारी भाव और स्थायी भाव इन चारों तत्वों का होना जरुरी है। जैसे कविता में ये चारों तत्व भिन्न-भिन्न रस नहीं बन सकते। इसी प्रकार राग के स्वर अकेले किसी रस की उत्पत्ति नहीं कर सकते। रस तभी पैदा होगा जब ये स्वर विशेष राग में स्थायी, संवादी, अनुवादी और संचारी स्वरों का रूप धारण करेंगे। आचार्य ब्रृहस्पति के अनुसार स्वर-मेल द्वारा रस प्रक्रिया में स्थायी भाव का प्रमुख अंश स्वर हैं। इसे स्थायी (वादी) स्वर कहा जाता है। स्थायी स्वर का संवादी स्वर उद्दीपन विभाव का कार्य करता है। अनुवादी स्वर अनुवाव का कार्य करते हैं और स्थायी स्वर को उभारते हैं। इस तरह संचारी स्वर संचारी भावों के प्रकाश होते हैं। इसलिए यह कहा जा सकता है कि स्थायी स्वरों पर आधारित, उस के संवादी स्वर द्वारा तीक्ष्ण हुए अनुवादी स्वरों पर अनुभाव और संचारी स्वरों से आनंदित हुए सुहृदयों की चेतना का रस है।

जिस तरह काव्य में रस की पहचान उस के स्थायी भावों से संबंधित है उसी प्रकार राग का रस उसके स्थायी स्वर पर निर्भर करता है। जब तक स्थायी स्वर नहीं होता, तब तक केवल प्रकाशक के रूप में होता है, रस के रुप में नहीं।

उस अवस्था में अभिव्यक्त भाव संचारी होता है और स्थायी स्वर पर आधारित स्थायी भाव में और वृद्धि करता है। इस तरह राग के रस की पहचान उसके स्थायी

स्वर से की जा सकती है। भरत ने कहा है कि जाति (जिसको आधुनिक काल में राग कहा जाता है) के स्थायी स्वर से संबंध रखने वाले रस से भरपूर विषयों को ही उस जाति में गाना चाहिए। भरत ने भिन्न भिन्न स्थायी स्वरों का संबंध भिन्न भिन्न रसों से जोड़ा है। उसके अनुसार श्रृंगार और हास्य रस में गाये जाने वाले पदों में पंचम और मध्यम स्वर प्रधान होते हैं। वीर, रौद्र और अद्भुत रसों में षड्ज और ऋषभ का बहुत प्रयोग किया जाता है। गंधार का भी अत्यधिक उपयोग होता है। वीभत्स और भयानक रस में धैवत स्वर प्रधान होता है। इसके अनुसार रसों की स्थिति इस प्रकार होगी।

| **स्थायी रस** | **रस** |
|---|---|
| षड्ज | वीर, रौद्र और अद्भुत |
| ऋषभ | वीर, रौद्र और अद्भुत |
| गंधार | करुण |
| मध्यम | श्रृंगार और हास्य |
| पंचम | श्रृंगार और हास्य |
| धैवत | वीभत्स और भयानक |
| निषाद | करुण |

भरत के बाद वाले आचार्य शारंग देव और दामोदर पंडित ने भरत के उपरोक्त सिद्धान्त का अनुकरण ही किया है। पर अहोबल का स्वर और रस का सिद्धान्त भरत से कुछ भिन्न है। उसके अनुसार सात स्वरों की स्थिति इस प्रकार है-

| **स्थायी रस** | **रस** |
|---|---|
| षड्ज | हास्य |
| ऋषभ | श्रृंगार |
| गंधार | हास्य |
| मध्यम | श्रृंगार |
| पंचम | भयानक |
| धैवत | वीभत्स |
| निषाद | करुण |

अहोबल ने तीव्र, तीव्रतर और तीव्रतम स्वरों की रस स्थिति के बारे में भी संकेत किया है।

आधुनिक युग के प्रसिद्ध संगीताचार्य भातखंडे ने संगीत शास्त्र की चर्चा करते हुए रे धा कोमल स्वरों वाले संधि प्रकाश रागों में शाँत और करुण रस को प्रधानता दी है। रे धा तीव्र स्वरों वाले रागों में श्रृंगार रस को और गा नी कोमल स्वरों वाले

रागों में वीर रस को गाने के लिए कहा है। आचार्य ब्रहस्पति के अनुसार जिन रागों में मध्यम स्थायी स्वर हैं वे संयोग श्रृंगार रस में और जिन में पंचम स्थायी है वियोग श्रृंगार के लिए प्रयोग किए जाते हैं। प्राचीन आचार्यों ने राग के दो स्वरूप माने हैं। सोम देव के अनुसार राग रूप उसे कहते हैं जो स्वर और वर्ण विशेष द्वारा राग को सम्मुख पेश कर देता है। ये रूप दो तरह के होते हैं :

नादमयी और देवमयी

नादमयी स्वरूप उसके स्वरों से बनता है और देवमयी स्वरूप उसके स्वभाव को साकार रूप देता है। राग का स्वभाव उसके स्वरों पर आधारित है। राग के स्वर विधान को शरीर और भाव को आत्मा कहा जा सकता है। राग के स्वभाव अनुसार संगीत आचार्यों ने रागों के स्वरूपों का मानवीकरण या दैवीकरण करके उनके स्वरूपों का वर्णन किया है। उसे 'ध्यान' कहा जाता है। इन 'ध्यानों' के आधार पर चित्रकारों ने रागों के चित्र भी बनाए हैं। राग गाते समय राग के 'ध्यान' को अपनी कल्पना में रखना जरूरी समझा जाता है। जो गायक राग को ध्यान किए बगैर उसका गायन करता है उसे मनोवांछित फल की प्राप्ति नहीं होती। स्पष्ट है कि जो गायक राग के भाव संबंधी उसके विशेष व्यक्तित्व की जानकारी नहीं रखता वह उस रूप में उसको प्रकट नहीं कर सकेगा और ऐसी स्थिति में श्रोताओं को रसानुभूति नहीं होगी। परन्तु प्राचीन ग्रन्थों में राग और ध्यान एक दूसरे से भिन्न थे। उनमें किसी एक राग को कभी पुरुष और कभी स्त्री रूप में वर्णन किया गया है। जैसे संगीत में राग भैरवी को रागिनी माना गया है और संगीत रत्नाकर में राग माना गया है। श्री महेश का यह कथन सत्य है कि सत्य तो यह है कि तत्कालीन और वर्तमान के रागों के नादमयी स्वरूप में परिवर्तन होने के कारण यह नहीं कहा जा सकता कि राग-रागिनियों के ध्यान कहां तक ठीक हैं।

उपरोक्त चर्चा से स्पष्ट है कि यद्यपि कालान्तर से आधुनिक रागों का रस से संबन्ध कुछ धुंधला हो गया है, परन्तु थोड़े से अनुसंधन उपरान्त इन्हें पुनः स्पष्ट और प्रचलित किया जा सकता है।

अनुवादक :
डा. सतीश मेनन

# ਰਾਗ ਗਉੜੀ

ਡਾ: ਗੁਰਨਾਮ ਸਿੰਘ

ਭਾਰਤੀ ਸੰਗੀਤ ਗ੍ਰੰਥਾਂ ਵਿੱਚ ਗਉੜੀ ਨੂੰ ਗਉਰੀ, ਗੌਰੀ, ਗਵਰੀ, ਗੌੜੀ ਆਦਿ ਨਾਮਾਂ ਨਾਲ ਲਿਖਿਆ ਗਿਆ ਹੈ। ਪਰਾਚੀਨ ਰਾਗ ਹੋਣ ਕਰਕੇ ਇਸ ਰਾਗ ਦੇ ਕਈ ਪ੍ਰਕਾਰ ਹਨ ਜਿਵੇਂ ਗਉੜੀ ਪੂਰਬੀ, ਗਉੜੀ ਪੂਰਬੀ ਦੀਪਕੀ, ਗਉੜੀ ਦੀਪਕੀ, ਗਉੜੀ ਮਾਲਾ, ਗਉੜੀ ਗੁਆਰੇਰੀ ਆਦਿ। ਇਹ ਰਾਗ ਉੱਤਰੀ ਭਾਰਤੀ ਸੰਗੀਤ ਅਤੇ ਦੱਖਣੀ ਭਾਰਤੀ ਸੰਗੀਤ ਵਿੱਚ ਬਹੁਤ ਘੱਟ ਗਾਇਆ ਵਜਾਇਆ ਜਾਂਦਾ ਹੈ। ਗੁਰੂ ਸਾਹਿਬਾਨ ਨੇ ਇਸ ਰਾਗ ਦੀ ਭਰਪੂਰ ਵਰਤੋਂ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਰਾਗ ਦੇ ਕਈ ਪ੍ਰਕਾਰ ਅੰਕਿਤ ਹਨ। ਨਿਸਚੇ ਹੀ ਪਰਾਚੀਨ ਸਮੇਂ ਵਿੱਚ ਇਹ ਰਾਗ ਕਾਫ਼ੀ ਪ੍ਰਚਾਰ ਵਿੱਚ ਰਿਹਾ ਹੋਵੇਗਾ, ਅਜਿਹਾ ਅਨੁਮਾਨ ਇਸ ਦੇ ਵਿਕਾਸ ਤੋਂ ਹੀ ਲਗਾਇਆ ਜਾ ਸਕਦਾ ਹੈ। ਰਾਗ ਗਉੜੀ ਦੇ ਕੁਝ ਸਰੂਪ ਹੇਠ ਲਿਖੇ ਅਨੁਸਾਰ ਪ੍ਰਚਾਰ ਵਿੱਚ ਹਨ :

1. ਗਉੜੀ (ਭੈਰਵ ਥਾਟ) : ਇਸ ਵਿੱਚ ਰਿਸ਼ਭ, ਧੈਵਤ ਕੋਮਲ ਅਤੇ ਬਾਕੀ ਸੁਰ ਸ਼ੁੱਧ ਵਰਤੇ ਜਾਂਦੇ ਹਨ।

ਥਾਟ=ਭੈਰਵ, ਜਾਤੀ=ਸੰਪੂਰਣ (ਵਕਰ ਰੂਪ ਨਾਲ)

ਵਾਦੀ=ਮੱਧਿਅਮ, ਸੰਵਾਦੀ=ਸ਼ਡਜ, ਨਿਆਸ=ਮੰਦਰ ਨਿਸ਼ਾਦ

**ਆਰੋਹ :—** ਸਾ ਰੇ ਗ ਰੇ, ਸਗ ਗ ਮ ਪ ਮ, ਪ ਧ ਨੀ ਸਾਂ

**ਅਵਰੋਹ :—** ਸਾਂ ਨੀ ਧ ਮ ਪ, ਧ ਮ, ਮਾ ਰੇ ਗਾ, ਰੇ ਗਾ, ਰੇ ਗਾ, ਰੇ ਨੀ ਸਾ,

2. ਗਉੜੀ (ਬਿਲਾਵਲ ਥਾਟ) 1— ਗਉੜੀ ਰਾਗ ਦੀ ਇਸ ਕਿਸਮ ਵਿੱਚ ਸਾਰੇ ਸੁਰ ਸ਼ੁੱਧ ਅਤੇ ਅਵਰੋਹ 'ਚ ਨਿਸ਼ਾਦ ਕੋਮਲ ਵਰਤੇ ਜਾਂਦੇ ਹਨ।

ਥਾਟ= ਬਿਲਾਵਲ, ਜਾਤੀ-ਸ਼ਾਡਵ-ਵਕਟ-ਸੰਪੂਰਣ ਸਮਾਂ= ਦਿਨ ਦਾ ਚੌਥਾ ਪਹਿਰ

ਵਾਦੀ= ਮਧਿਅਮ, ਸੰਵਾਦੀ= ਸ਼ਡਜ

**ਆਰੋਹ :—** ਸਾ ਗਾ, ਮ ਰੇ ਪ, ਧ ਨੀ ਸਾਂ

**ਅਵਰੋਹ :—** ਸਾਂ ਧ ਨੀ ਪ ਧ ਨੀ ਪ, ਮ ਪ ਮ ਗ, ਮ ਗ ਰੇ ਸਾ

**ਮੁੱਖ ਅੰਗ:—** ਸਾ ਸਾ, ਗ ਮ ਰੇ ਪ, ਗ ਪ ਮ ਪ ਮ ਗ, ਰੇ ਸਾ ਨੀ ਨੀ ਸਾ

ਇਸ ਰਾਗ ਨੂੰ ਗੌਡ, ਬਿਲਾਵਲ ਅਤੇ ਮਲਾਰ ਦੀਆਂ ਸੁਰ ਸੰਗਤੀਆਂ ਦਾ ਮਿਲਾਨ ਵੀ ਆਖਿਆ ਜਾਂਦਾ ਹੈ।

3. ਗਉੜੀ (ਪੂਰਬੀ ਥਾਟ) : ਪੰਡਿਤ ਅਹੋਬਲ ਨੇ ਆਪਣੇ ਸੰਗੀਤ ਗ੍ਰੰਥ-ਸੰਗੀਤ

ਪਾਰਿਜਾਤ, ਵਿੱਚ ਇਸ ਦਾ ਸਰੂਪ ਅੰਕਿਤ ਕਰਦਿਆਂ ਇਸ ਵਿੱਚ ਰਿਸ਼ਭ, ਧੈਵਤ ਕੋਮਲ, ਮਧਿਅਮ ਤੀਬਰ ਅਤੇ ਬਾਕੀ ਸੁਰ ਸ਼ੁੱਧ ਦਰਸਾਏ ਹਨ। ਉਹਨਾਂ ਗਉੜੀ ਦੇ ਆਰੋਹ 'ਗੰਧਾਰ, ਧੈਵਤ ਵਰਜਿਤ ਹਨ। ਇਸ ਹਵਾਲੇ ਅਨੁਸਾਰ ਪੂਰਬੀ ਥਾਟ ਦਾ ਗਉੜੀ ਇਸ ਪ੍ਰਕਾਰ ਹੈ।

**ਥਾਟ**=ਪੂਰਵੀ, **ਜਾਤੀ**=ਔਡਵ-ਸ਼ਾਡਵ, **ਵਾਦੀ**=ਰਿਸ਼ਭ

**ਸੰਵਾਦੀ** – ਪੰਚਮ, ਗਾਇਨ ਸਮਾਂ=ਸ਼ਾਮ

**ਆਰੋਹ** – ਸਾ ਰੁ ਮੇ ਪ ਨੀ ਸਾਂ

**ਅਵਰੋਹ** ਸਾਂ ਨੀ ਧੁ ਪ ਮੇ ਰੁ ਸਾ

**ਪਕੜ** ਸਾ ਰੁ ਸਾ, ਨੀ ਰੁ ਮੇ ਰੇ, ਪ ਮੇ ਰੁ, ਸਾ

**ਗਉੜੀ ਗੁਆਰੇਰੀ:** – ਗਉੜੀ ਗੁਆਰੇਰੀ ਇੱਕ ਅਪ੍ਰਚੱਲਿਤ ਰਾਗ ਹੈ। ਭਾਰਤੀ ਸੰਗੀਤ ਦੀਆਂ ਦੋਵੇਂ ਸੰਗੀਤ ਪੱਧਤੀਆਂ ਦੇ ਸੰਗੀਤ ਗ੍ਰੰਥਾਂ ਵਿੱਚ ਇਸ ਦਾ ਜ਼ਿਕਰ ਨਹੀਂ ਮਿਲਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਹ ਗਉੜੀ ਰਾਗ ਅਧੀਨ ਇਸ ਦੇ ਇੱਕ ਪ੍ਰਕਾਰ ਵਜੋਂ ਦਰਜ ਹੈ। ਕੁੱਝ ਸੰਗੀਤਕਾਰਾਂ ਅਤੇ ਕੀਰਤਨੀਆਂ ਕੋਲ ਇਹ ਕ੍ਰਿਆਤਮਕ ਰੂਪ ਵਿੱਚ ਸੁਰੱਖਿਅਤ ਹੈ। ਇਹ ਰਾਗ ਗੁਰਮਤਿ ਸੰਗੀਤ ਪੱਧਤੀ ਦਾ ਮੌਲਿਕ ਰਾਗ ਹੈ। ਸੰਗੀਤ ਵਿਦਵਾਨਾਂ ਅਨੁਸਾਰ ਇਸ ਦਾ ਸਰੂਪ ਹੇਠ ਲਿਖੇ ਅਨੁਸਾਰ ਹਨ।

1. ਗਉੜੀ ਗੁਆਰੇਰੀ (ਸ੍ਰੀ ਅੰਗ) : ਇਸ ਰੂਪ ਵਿੱਚ ਰਿਸ਼ਭ ਕੋਮਲ, ਤੀਬਰ ਮਧਿਅਮ ਅਵਰੋਹ 'ਚ ਗੰਧਾਰ, ਧੈਵਤ ਵਰਜਿਤ ਅਤੇ ਬਾਕੀ ਸੁਰ ਸ਼ੁੱਧ ਵਰਤੇ ਜਾਂਦੇ ਹਨ। ਅਵਰੋਹ 'ਚ ਰਿਸ਼ਭ, ਧੈਵਤ ਕੋਮਲ ਤੇ ਮਧਿਅਮ ਤੀਬਰ ਵਰਤਿਆ ਜਾਦਾ ਹੈ।

**ਥਾਟ**–ਪੂਰਵੀ, ਜਾਤੀ-ਔਡਵ-ਸ਼ਾਡਵ, ਸਮਾਂ=ਸ਼ਾਮ, ਵਾਦੀ=ਰਿਸ਼ਭ,

**ਸੰਵਾਦੀ**= ਪੰਚਮ, ਨਿਆਸ ਸੁਰ=ਮੰਦਰ ਨਿਸ਼ਾਦ, ਰਿਸ਼ਭ ਅਤੇ ਧੈਵਤ।

**ਆਰੋਹ** – ਸਾ ਰੁ ਮੇ ਪ ਨੀ ਸਾਂ

**ਅਵਰੋਹ** ਸਾਂ ਨੀ ਧੁ ਪ ਮੇ ਗ ਰੁ ਸਾ

ਭਾਵੇਂ ਸ਼ਾਸਤਰੀ ਦ੍ਰਿਸ਼ਟੀਕੋਣ ਤੋਂ ਰੇ, ਧਾ ਆਪਸੀ ਸੰਵਾਦ ਨਹੀਂ ਰੱਖਦੇ ਪਰ ਇਹ ਇਸੇ ਤਰ੍ਹਾਂ ਪ੍ਰਚਾਰ ਵਿੱਚ ਹੈ। ਇਹ ਰਾਗ ਸ੍ਰੀ ਰਾਗ ਨਾਲ ਕਾਫ਼ੀ ਮਿਲਦਾ ਜੁਲਦਾ ਹੋਣ ਦੇ ਬਾਵਜੂਦ ਨਿਜੀ ਵਿਸ਼ੇਸ਼ਤਾਈਆਂ ਕਰਕੇ ਸਹਿਜੇ ਹੀ ਵੱਖਰਾ ਕੀਤਾ ਜਾ ਸਕਦਾ ਹੈ।

2. ਗਉੜੀ ਗੁਆਰੇਰੀ (ਮਾਰਵਾ ਅੰਗ) : ਇਸ ਦੇ ਅਰੋਹ 'ਚ ਪੰਚਮ ਵਰਜਿਤ, ਕੋਮਲ ਰਿਸ਼ਭ, ਦੋਵੇਂ ਮਧਿਅਮ, ਅਤੇ ਬਾਕੀ ਸ਼ੁੱਧ ਵਰਤੇ ਜਾਂਦੇ ਹਨ।

**ਥਾਟ**=ਮਾਰਵਾ, **ਜਾਤੀ**-ਔਡਵ-ਸ਼ਾਡਵ, **ਵਾਦੀ**=ਗੰਧਾਰ, **ਸੰਵਾਦੀ**=ਧੈਵਤ

**ਵਰਜਿਤ ਸੁਰ**=ਪੰਚਮ, **ਨਿਆਸ ਸੁਰ**=ਨਿਸ਼ਾਦ, **ਸਮਾਂ**=ਦਿਨਾਂ ਦਾ ਚੌਥਾ ਪਹਿਰ

**ਆਰੋਹ**– ਸਾ ਗਾ ਮੇ ਧ ਨੀ ਸਾਂ

ਅਵਰੋਹ— ਸਾਂ ਨੀਧ; ਮ, ਧ ਗ ਮ ਗ, ਮੈਗ, ਰੁ ਸਾ

ਮੁੱਖ ਅੰਗ— ਨੀ ਸ਼ਾਂ ਗਾ, ਮੇ ਧ, ਗ ਮੇਗ. ਮ ਗ ਰੁ ਸਾ

ਇਸ ਰਾਗ ਦੀ ਖੂਬਸੂਰਤੀ ਵਧਾਉਣ ਲਈ ਕਦੇ ਕਦੇ "ਮ ਮੇ ਗ" ਜਾਂ "ਮ ਮੇ ਗ" ਸੁਰ ਸੰਗਤੀ ਵੀ ਪ੍ਰਯੋਗ ਕੀਤੀ ਜਾਂਦੀ ਹੈ। ਇਹ ਰਾਗ ਗੰਭੀਰ ਪ੍ਰਕ੍ਰਿਤੀ ਦੀਆਂ ਭਗਤੀ ਰਚਨਾਵਾਂ ਲਈ ਅਤਿ ਢੁਕਵਾਂ ਹੈ।

ਗਉੜੀ ਦੱਖਣੀ—

ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਸਮੇਂ ਭਿੰਨ ਭਿੰਨ ਜਾਤੀ ਦੇ ਲੋਕਾਂ ਨੂੰ ਉਪਦੇਸ਼ ਦੇਣ ਲਈਉਹਨਾਂ ਦੇ ਕਾਵਿ ਰੂਪਾਂ, ਲੋਕ ਧੁਨਾਂ ਅਤੇ ਵਿਸ਼ੇਸ਼ ਰਾਗਾਂ ਨੂੰ ਹੀ ਨਹੀਂ ਅਪਣਾਇਆ ਸਗੋਂ ਆਪ ਨੇ ਉੱਤਰੀ ਭਾਰਤੀ ਸੰਗੀਤ ਪੱਧਤੀ ਅਤੇ ਦੱਖਣੀ ਭਾਰਤੀ ਸੰਗੀਤ ਪੱਧਤੀ ਦੇ ਆਦਾਨ ਪ੍ਰਦਾਨ ਲਈ ਦੋਵੇਂ ਸੰਗੀਤ ਪੱਧਤੀਆਂ ਵਿੱਚ ਪ੍ਰਚੱਲਿਤ ਰਾਗਾਂ ਵਿੱਚ ਵੀ ਬਾਣੀ ਉਚਾਰੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਿੱਥੇ ਕਿਤੇ ਵੀ ਕਿਸੇ ਰਾਗ ਨਾਲ 'ਦੱਖਣੀ' **ਸ਼ਬਦ** ਲਿਖਿਆ ਮਿਲਦਾ ਹੈ, ਉੱਥੇ ਇਸ ਸ਼ਬਦ ਦਾ ਭਾਵ ਦੱਖਣੀ ਸੰਗੀਤ ਪੱਧਤੀ ਦੇ ਰਾਗ ਪ੍ਰਕਾਰ ਤੋਂ ਹੈ, ਜਿਵੇਂ ਗਉੜੀ ਦੱਖਣੀ, ਰਾਮ ਕਲੀ ਦੱਖਣੀ ਆਦਿ। ਰਾਗ ਕੋਸ਼ ਅਨੁਸਾਰ ਗਉੜੀ ਦੱਖਣੀ ਦਾ ਸਰੂਪ ਇਸ ਪ੍ਰਕਾਰ ਹੈ: —

**ਮੇਲ ਜਾਂ ਥਾਟ**— ਮਾਯਾ ਮਾਲਵ ਗੌੜ

**ਆਰੋਹ**- ਸਾ ਰੁ ਪ ਮ ਪ ਨੀ ਸਾਂ।

**ਅਵਰੋਹ**- ਸਾਂ ਨੀ ਧੁ ਪ, ਮ ਪ ਗ ਰੁ ਮ ਗ ਰੁ ਸਾ।

**ਮੁੱਖ ਅੰਗ**- ਸਾ ਰੇ ਪ, ਨੀ ਧੁ ਪ, ਮ ਪ ਗ ਰੁ ਮ ਗ ਰੁ ਸਾ

ਵਰਤਮਾਨ ਉੱਤਰੀ ਭਾਰਤੀ ਸੰਗੀਤ ਪੱਧਤੀ ਅਤੇ ਦੱਖਣੀ ਭਾਰਤੀ ਸੰਗੀਤ ਦੇ ਗਾਇਨ ਵਾਦਨ ਵਿੱਚ ਕਾਫੀ ਅੰਤਰ ਹੈ। ਦੋਵੇਂ ਸੰਗੀਤ ਪੱਧਤੀਆਂ ਨੂੰ ਭਲੀਭਾਂਤ ਜਾਨਣ ਵਾਲੇ ਸੰਗੀਤਕਾਰ ਬਹੁਤ ਹੀ ਘੱਟ ਹਨ ਜਿਸ ਕਰਕੇ ਰਾਗਾਂ ਸੰਬੰਧੀ ਪੂਰਨ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਰਾਗ ਗਉੜੀ ਦੱਖਣੀ ਦੇ ਉਪਰੋਕਤ ਸਰੂਪ ਅਤੇ ਮੇਲ ਮਾਯਾ ਮਾਲਵ ਗੌੜ ਦੇ ਅਧਿਐਨ ਤੋਂ ਇਸ ਰਾਗ ਦਾ ਬਾਕੀ ਸਰੂਪ ਇਸ ਪ੍ਰਕਾਰ ਹੈ।

**ਥਾਟ**:- ਮਾਯਾ ਮਾਲਵ ਗੌੜ (ਜੋ ਭੈਰਵ ਥਾਟ ਸਮਾਨ ਹੈ) ਵਾਦੀ ਰੇ, ਸੰਵਾਦੀ ਧਾ,

**ਨਿਆਸ ਸੁਰ**= ਰਿਸ਼ਭ, ਪੰਚਮ, ਗਾਇਨ ਸਮਾਂ=ਸ਼ਾਮ।

**ਗਉੜੀ ਚੇਤੀ** : ਰਾਗ ਗਉੜੀ ਚੇਤੀ ਇੱਕ ਅਪ੍ਰਚੱਲਿਤ ਪ੍ਰਕਾਰ ਹੈ ਇਹ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਗਉੜੀ ਅਧੀਨ ਅੰਕਿਤ ਹੈ। ਇਸ ਰਾਗ ਨੂੰ ਹੇਠ ਲਿਖੇ ਦੋ ਸਰੂਪਾਂ ਅਨੁਸਾਰ ਗਾਇਆ ਵਜਾਇਆ ਜਾਂਦਾ ਹੈ।

1. ਗਉੜੀ ਚੇਤੀ (ਸ੍ਰੀ ਤੇ ਗਉੜੀ ਅੰਗ) : ਇਸ ਸਰੂਪ ਵਿੱਚ ਰਿਸ਼ਭ ਕੋਮਲ, ਦੋਵੇਂ ਮਧਿਅਮ

ਆਰੋਹ ਵਿੱਚ ਧੈਵਤ ਵਰਜਿਤ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਇਸ ਦਾ ਅਵਰੋਹ ਸੰਪੂਰਣ ਹੈ। ਇਸ ਦੇ ਪੂਰਵਾਂਗ ਵਿੱਚ ਸ੍ਰੀ ਰਾਗ ਅਤੇ ਉਤ੍ਰਾਂਗ ਵਿੱਚ ਗਉੜੀ ਦੀ ਝਲਕ ਹੈ। ਇਸ ਦਾ ਅਵਰੋਹ ਸੰਪੂਰਣ ਹੈ।

**ਥਾਟ**= ਪੂਰਵੀ, ਜਾਤੀ= ਸੰਪੂਰਣ, ਸਮਾਂ= ਦਿਨ ਦਾ ਚੌਥਾ ਪਹਿਰ.

**ਵਾਦੀ**= ਪੰਚਮ, ਸੰਵਾਦੀ= ਸ਼ੜਜ

**ਆਰੋਹ:-** ਸਾ ਰੁ, ਮੇ ਪ, ਮੇ ਪ ਨੀ ਸਾਂ

**ਅਵਰੋਹ:-** ਸਾਂ ਨੀ ਧੁ ਪ, ਧੁ ਮ, ਪ ਮੇ ਧੁ ਮੇ, ਗ ਰੁ ਗਾ ਰੁ ਸਾ

**ਮੁੱਖ ਅੰਗ:-** ਨੀ ਧੁ ਪ, ਧੁ ਮ, ਪ ਮੇ ਧੁ ਮੇ, ਗਾ ਰੁ ਗਾ ਰੁ ਸਾ

2. ਗਉੜੀ ਚੇਤੀ (ਮਾਰਵਾ ਅੰਗ) : ਇਸ ਵਿੱਚ ਰਿਸ਼ਭ ਕੋਮਲ; ਮਧਿਅਮ ਤੀਬਰ ਅਤੇ ਬਾਕੀ ਸੁਰ ਸ਼ੁੱਧ ਵਰਤੇ ਜਾਂਦੇ ਹਨ।
**ਥਾਟ** – ਮਾਰਵਾ, ਜਾਤੀ=ਸ਼ਾੜਵ-ਸੰਪੂਰਣ, ਸਮਾਂ=ਸ਼ਾਮ, ਵਾਦੀ=ਸ਼ੜਜ,
ਸੰਵਾਦੀ =ਪੰਚਮ, ਨਿਆਸ ਸੁਰ =ਮੰਦਰ ਨਿਸ਼ਾਦ

**ਆਰੋਹ:** - ਸਾ ਰੁ ਗਾ ਰੁ, ਮੇ ਪ, ਮੇ ਧ ਨੀ ਸਾਂ

**ਅਵਰੋਹ** - ਸਾਂ ਨੀ ਧ ਪ, ਮੇ ਗ, ਰੁ ਸਾ

**ਮੁੱਖ ਅੰਗ** ਸਾ, ਰੁ ਰੁ, ਪ, ਮੇ ਗ, ਰੁ ਸਾ

**ਗਉੜੀ ਬੈਰਾਗਣਿ :** ਗਉੜੀ ਬੈਰਾਗਣਿ, ਰਾਗ ਗਉੜੀ ਦਾ ਪੁਰਾਤਨ ਪ੍ਰਕਾਰ ਹੈ। ਸੰਗੀਤ ਸ਼ਾਸਤਰ ਦੇ ਆਧੁਨਿਕ ਅਤੇ ਪੁਰਾਤਨ ਗ੍ਰੰਥਾਂ ਵਿੱਚ ਇਸ ਦਾ ਉਲੇਖ ਨਹੀਂ ਮਿਲਦਾ। ਕਿਰਿਆਤਮਕ ਤੌਰ 'ਤੇ ਕੁਝ ਸੰਗੀਤ ਵਿਦਵਾਨਾਂ ਕੋਲੋਂ ਇਸ ਦੇ ਦੋ ਸਰੂਪ ਹੇਠ ਲਿਖੇ ਅਨੁਸਾਰ ਪ੍ਰਾਪਤ ਹੁੰਦੇ ਹਨ :

1. ਗਉੜੀ ਬੈਰਾਗਣਿ (ਭੈਰਵ ਅੰਗ) : ਇਸ ਵਿੱਚ ਰਿਸ਼ਭ, ਧੈਵਤ ਕੋਮਲ, ਆਰੋਹ ਵਿੱਚ ਪੰਚਮ ਵਰਜਿਤ ਤੇ ਬਾਕੀ ਸਾਰੇ ਸੁਰ ਸ਼ੁੱਧ ਵਰਤੇ ਜਾਂਦੇ ਹਨ। ਅਵਰੋਹ 'ਚ ਨਿਸ਼ਾਦ ਕੋਮਲ ਤੇ ਪੰਚਮ ਵਰਜਿਤ ਹੈ :
**ਥਾਟ** – ਭੈਰਵ, ਜਾਤੀ = ਔੜਵ, ਸਮਾਂ=ਸਵੇਰ
ਵਾਦੀ –ਧੈਵਤ, ਸੰਵਾਦੀ—ਰਿਸ਼ਭ, ਪ੍ਰਕ੍ਰਿਤੀ—ਗੰਭੀਰ, ਵੈਰਾਗਮਈ

**ਆਰੋਹ :** – ਸਾ ਰੁ, ਮ ਧੁ, ਨੀ ਸਾਂ

**ਅਵਰੋਹ :**— ਸਾਂ ਨੀ ਧੁ ਮ, ਰੁ, ਸਾ ਨ਼ੀ ਧੁ ਸਾ ਨ਼ੀ ਰੁ ਸਾ

**ਮੁੱਖ-ਅੰਗ :**— ਸ ਰੁ ਮ, ਰੁ ਸਾ ਨ਼ੀ ਧੁ ਸਾ ਨ਼ੀ ਰੇ ਸਾ

2. ਗਉੜੀ ਬੈਰਾਗਣਿ (ਪੂਰਵੀ ਥਾਟ) : ਇਸ ਪ੍ਰਕਾਰ ਵਿੱਚ ਰਿਸ਼ਭ, ਧੈਵਤ ਕੋਮਲ ਅਤੇ ਬਾਕੀ ਸੁਰ ਸ਼ੁੱਧ ਵਰਤੇ ਜਾਂਦੇ ਹਨ।

**ਥਾਟ** – ਪੂਰਬੀ, ਜਾਤੀ = ਸ਼ਾਡਵ-ਸੰਪੂਰਨ, ਸਮਾਂ = ਚੌਥਾ ਪਹਿਰ ਦਿਨ
ਵਾਦੀ – ਗੰਧਾਰ, ਸੰਵਾਦੀ = ਨਿਸ਼ਾਦ, ਪ੍ਰਕ੍ਰਿਤੀ = ਗੰਭੀਰ

**ਆਰੋਹ** – ਨ਼ੀ ਧ਼ ਸਾ ਨ਼ੀ, ਰੁ ਗਾ ਮੇ ਪ, ਮੇ ਧੁ ਨੀ ਸਾਂ

**ਅਵਰੋਹ** – ਸਾਂ ਰੁ ਨੀ ਸਾਂ ਨ਼ੀ ਧੁ ਨੀ, ਧੁ ਪ, ਮੇ ਗ, ਮੇਗ ਗਰੁ ਸਾ

**ਮੁੱਖ ਅੰਗ** – ਮੇ ਗ ਰੁ, ਸਾ ਰੇ ਨ਼ੀ ਸਾ, ਨ਼ੀ ਧੁ ਸਾ ਨ਼ੀ।

**ਗਉੜੀ ਪੂਰਵੀ ਦੀਪਕੀ :** ਰਾਗ ਗਉੜੀ ਪੂਰਬੀ ਦੀਪਕੀ, ਗਉੜੀ, ਪੂਰਬੀ ਅਤੇ ਦੀਪਕ ਰਾਗਾਂ ਦੀਆਂ ਸੁਰਾਵਲੀਆਂ ਦਾ ਸੁਮੇਲ ਹੈ। ਇਸ ਰਾਗ ਦਾ ਹਵਾਲਾ ਪੁਰਾਤਨ ਅਤੇ ਨਵੀਨ ਕਿਸੇ ਵੀ ਸੰਗੀਤ ਗ੍ਰੰਥ ਵਿੱਚ ਉਪਲੱਬਧ ਨਹੀਂ। ਇਸੇ ਕਰਕੇ ਇਸ ਰਾਗ ਨੂੰ ਗੁਰਮਤਿ ਸੰਗੀਤ ਪੱਧਤੀ ਦਾ ਮੌਲਿਕ ਰਾਗ ਮੰਨਿਆ ਜਾਂਦਾ ਹੈ। ਇਹ ਸੰਕੀਰਣ ਜਾਤੀ ਦਾ ਰਾਗ ਹੈ ਜਿਸ ਵਿੱਚ ਤਿੰਨ ਰਾਗਾਂ ਦਾ ਸੁਮੇਲ ਹੈ। ਅਧਿਆਤਮਕ ਗ੍ਰੰਥਾਂ ਵਿੱਚੋਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੀ ਅਜਿਹੇ ਸੁਮਿਸ਼ਰਣ ਉਪਲੱਬਧ ਹਨ। ਸਿੱਖ ਸੰਗੀਤ ਦੇ ਕਝ ਵਿਦਵਾਨਾਂ ਕੋਲੋਂ ਇਸ ਰਾਗ ਦਾ ਸਰੂਪ ਹੇਠ ਲਿਖੇ ਅਨੁਸਾਰ ਮਿਲਦਾ ਹੈ ਜਿਸ ਵਿੱਚ ਰਿਸ਼ਭ, ਧੈਵਤ ਕੋਮਲ, ਮਧਿਅਮ ਤੀਬਰ ਅਤੇ ਬਾਕੀ ਸੁਰ ਸ਼ੁੱਧ ਪ੍ਰਯੋਗ ਹੁੰਦੇ ਹਨ।

**ਥਾਟ** – ਪੂਰਵੀ, ਸਮਾਂ = ਸ਼ਾਮ (ਸੰਧੀ ਪ੍ਰਕਾਸ਼)

**ਉਠਾਨ** – ਪੂਰਬੀ ਅਤੇ ਦੀਪਕੀ ਦੋਵੇਂ ਅੰਗਾਂ ਤੋਂ,

**ਵਾਦੀ** – ਗੰਧਾਰ. ਸੰਵਾਦੀ...ਨਿਸ਼ਾਦ, ਜਾਤੀ . ਸ਼ਾਡਵ-ਵਕਰ-ਸੰਪੂਰਣ

**ਆਰੋਹ** – ਸਾ, ਨੀ ਰੁ ਗਾ ਰੁ, ਗ ਮੇ ਪ, ਮੇ ਧੁ ਪ ਮੇ ਧੁ ਨੀ ਸਾਂ

**ਅਵਰੋਹ** – ਸਾਂ, ਨੀ ਸਾਂ ਧੁ ਪ. ਪ ਧੁ ਪ ਮੇ ਖ ਮੇ ਗ ਮੇ, ਰੁ ਮੇ ਗ, ਪ ਗਰੁ ਸਾ

**ਮੁੱਖ ਅੰਗ**- ਪ ਧੁ ਪ ਮੇ, ਪ ਮੇ ਗ ਮੇ ਪ ਗ, ਰੁ ਸਾ, ਨ਼ੀ ਧ਼ ਸਾ ਨ਼ੀ ਰੁ ਸਾ

ਰਾਗ ਗਉੜੀ ਪੂਰਬੀ ਦੀਪਕੀ ਵਿੱਚ ਦੀਪਕ ਰਾਗ ਦੀ ਸੁਰ ਸੰਗਤੀ 'ਪ ਗ ਰੁ ਸਾ' ਲਈ ਜਾਂਦੀ ਹੈ ਅਤੇ ਸ਼ੜਜ ਪ੍ਰਵੇਸ਼ ਸਮੇਂ ਪੰਚਮ ਦਾ ਤਿਆਗ ਕੀਤਾ ਜਾਂਦਾ ਹੈ।

**ਗਉੜੀ ਪੂਰਬੀ :** ਗਉੜੀ ਤੇ ਪੂਰਬੀ ਦਾ ਸੁਮੇਲ ਰਾਗ ਗਉੜੀ ਪੂਰਬੀ, ਇੱਕ ਅਪ੍ਰਚੱਲਿਤ ਪ੍ਰਕਾਰ ਹੈ। ਇਸ ਦੇ ਪੂਰਵਾਂਗ ਵਿੱਚ ਰਾਗ ਗਉੜੀ ਅਤੇ ਉਤ੍ਰਾਂਗ ਵਿੱਚ ਪੂਰਬੀ ਦੇ ਚਲਨ ਦੁਆਰਾ ਇਸ ਰਾਗ ਦੀ ਰਚਨਾ ਕੀਤੀ ਜਾਂਦੀ ਹੈ। ਇਸ ਦਾ ਨਾਦਾਤਮਕ ਸਰੂਪ ਹੇਠ ਅਨੁਸਾਰ ਹੈ ਜਿਸ ਵਿੱਚ ਰਿਸ਼ਭ, ਧੈਵਤ ਕੋਮਲ, ਮਧਿਅਮ ਦੋਵੇਂ ਅਤੇ ਬਾਕੀ ਸੁਰ ਸ਼ੁੱਧ ਵਰਤੇ ਜਾਂਦੇ ਹਨ।

**ਥਾਟ**- ਪੂਰਬੀ, ਜਾਤੀ = ਵਕਰ-ਸੰਪੂਰਣ, ਵਾਦੀ = ਰਿਸ਼ਭ, ਸੰਵਾਦੀ = ਪੰਚਮ,
ਸਮਾਂ = ਸ਼ਾਮ (ਸੰਧੀ ਪ੍ਰਕਾਸ਼ ਰਾਗ)

ਆਰੋਹ- ਸਾ, ਨ਼ੀ, ਰੁ ਗਾ ਰੁ ਗ ਮੇ ਪ ਧੁ ਪ, ਮੇਂ ਧੁ ਨੀ ਸਾਂ

ਅਵਰੋਹ- ਸਾਂ ਨੀ ਧੁ ਪ, ਮੇ ਗਾ ਮੇ ਗ, ਮਗਾ ਰੁ ਸਾ, ਨ਼ੀ ਧੁ ਸਾ ਨ਼ੀ ਰੁ ਸਾ

ਮੁੱਖ ਅੰਗ- ਪ ਮੇ ਗ ਮ ਗ, ਮੇ ਗ ਰੁ ਸਾ, ਨੀ ਧੁ ਸਾ ਨੀ. ਰੁ ਸਾ

**ਗਉੜੀ ਦੀਪਕੀ :** ਰਾਗ ਗਉੜੀ ਦੇ ਇਸ ਪ੍ਰਕਾਰ ਦੀ ਰਚਨਾ ਗਉੜੀ ਅਤੇ ਦੀਪਕੀ ਦੇ ਸੁਮੇਲ ਤੋਂ ਹੋਈ ਹੈ । ਇਹ ਇੱਕ ਅਪ੍ਰਚਲਿਤ ਰਾਗ ਹੈ। ਇਸ ਦਾ ਆਰੰਭ ਦੋ ਢੰਗਾਂ ਨਾਲ ਕੀਤਾ ਜਾਂਦਾ ਹੈ :

ਦੀਪਕ ਅੰਗ · ਨ਼ੀ ਸਾ ਗ ਮੇ ਪ

ਪੂਰਬੀ ਅੰਗ— ਨ਼ੀ ਰੁ ਗ ਮੇ ਪ

ਸ਼ੁੱਧ ਮਧਿਅਮ ਦੀ ਵਰਤੋਂ ਰਾਗ ਗਉੜੀ ਦੀਪਕੀ ਨੂੰ ਇਹਨਾਂ ਦੋਹਾਂ ਰਾਗਾਂ ਤੋਂ ਅਲੱਗ ਕਰ ਦਿੰਦੀ ਹੈ । ਪੰਚਮ ਭਾਵੇਂ ਵਰਜਿਤ ਨਹੀਂ ਪਰ ਸ਼ਡਜ ਵਿੱਚ ਮਿਲਣ ਲਈ ਇਸ ਦਾ ਤਿਆਗ ਜ਼ਰੂਰੀ ਹੈ । ਦੀਪਕ ਅੰਗ ਦੀ 'ਪ ਗਾ ਰੇ ਸਾ' ਸੁਰ ਸੰਗਤੀ ਇਸ ਵਿੱਚ ਲਾਜ਼ਮੀ ਹੈ । ਇਸ ਰਾਗ ਵਿੱਚ ਰਿਸ਼ਭ ਕੋਮਲ, ਮਧਿਅਮ ਤੀਬਰ ਅਤੇ ਬਾਕੀ ਸੁਰ ਸ਼ੁੱਧ ਪ੍ਰਯੋਗ ਹੁੰਦੇ ਹਨ ।

ਥਾਟ- ਪੂਰਵੀ, ਜਾਤੀ = ਵਾਕਰ-ਸੰਪੂਰਣ, ਸਮਾਂ = ਚੌਥਾ ਪਹਿਰ ਦਿਨ,
ਵਾਦੀ = ਗੰਧਾਰ, ਸੰਵਾਦੀ = ਨਿਸਾਦ ।

ਆਰੋਹ:- ਸਾ, ਨ਼ੀ ਰੁ ਗ ਰੁ, ਗ ਮੇ ਧੁ ਪ, ਮੇ ਧੁ ਨੀ ਸਾਂ

ਅਵਰੋਹ - ਸਾਂ, ਨੀ ਸਾਂ ਧੁ ਪ, ਪ ਧੁ, ਪ ਮੇ ਪ, ਮੇ ਗ ਮੇ, ਪ ਗ ਰੁ ਸਾਂ

ਮੁੱਖ ਅੰਗ:- ਪ ਧੁ ਪ ਮੇ ਗ, ਮੇ ਪ ਗ, ਰੁ ਸਾ, ਨ਼ੀ ਧੁਸਾਂ ਨ਼ੀ ਰੁ ਸਾ

ਗਉੜੀ ਦੀਪਕੀ ਗੁਰਮਤਿ ਸੰਗੀਤ ਪੱਧਤੀ ਦਾ ਇੱਕ ਮੌਲਿਕ ਰਾਗ ਹੈ ਜੋ ਭਾਰਤੀ ਸੰਗੀਤ ਇੱਕ ਅਨੁਪਮ ਦੇਣ ਹੈ । ਇਸ ਰਾਗ ਵਿੱਚ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੋਹਿਲਾ ਨਾਮਕ ਰਚਨਾ ਉਪਲੱਬਧ ਹੈ ।

---


ਹਫਤਾਵਾਰੀ ਕੀਰਤਨ ਸਤਸੰਗ, ਚੰਡੀਗੜ੍ਹ
ਮਹੀਨਾ ਅਗਸਤ 1989

| ਮਿਤੀ | ਸਮਾਂ | ਸਥਾਨ |
|---|---|---|
| 6.8.89 | 6 ਤੋਂ 8 p.m. | ਜੀ, ਐਸ, ਬਖਸ਼ੀ 1122/21 ਬੀ |
| 13.8.89 | ,, | ਸ੍ਰੀ. ਮਨੋਹਰ ਸਿੰਘ 1006/8 ਸੀ |
| 20.8.89 | ,, | ਡਾ. ਬਲਜੀਤ ਸਿੰਘ 118 /8 ਸੀ |
| 27.8.89 | ,, | ਸ੍ਰ. ਫਤਹਿ ਸਿੰਘ ਚੁਗ 568/8 ਬੀ |

# ਸੰਗੀਤ ਲਿਪੀ

ਭਾਈ ਅਵਤਾਰ ਸਿੰਘ
ਭਾਈ ਗੁਰਚਰਨ ਸਿੰਘ

## ਰਾਗ ਗਉੜੀ

ਗਉੜੀ ਗੁਆਰੇਰੀ ਸ੍ਰੀ ਕਬੀਰ ਜੀਉ ਕੇ ਚਉਪਦੇ, ਪੰਨਾ ੩੨੩

ਅਬ ਮੋਹਿ ਜਲਤ ਰਾਮ ਜਲੁ ਪਾਇਆ ॥
ਰਾਮ ਉਦਕਿ ਤਨੁ ਜਲਤ ਬੁਝਾਇਆ ॥ ੧ ॥ ਰਹਾਉ ॥
ਮਨੁ ਮਾਰਣ ਕਾਰਣਿ ਬਨ ਜਾਈਐ ॥
ਸੋ ਜਲੁ ਬਿਨੁ ਭਗਵੰਤ ਨ ਪਾਈਐ ॥ ੧ ॥
ਜਿਹ ਪਾਵਕ ਸੁਰਿ ਨਰ ਹੈ ਜਾਰੇ ॥
ਰਾਮ ਉਦਕਿ ਜਨ ਜਲਤ ਉਬਾਰੇ ॥ ੨ ॥
ਭਵ ਸਾਗਰ ਸੁਖ ਸਾਗਰ ਮਾਹੀ ॥
ਪੀਵਿ ਰਹੇ ਜਲ ਨਿਖੁਟਤ ਨਾਹੀ ॥ ੩ ॥
ਕਹਿ ਕਬੀਰ ਭਜੁ ਸਾਰਿੰਗ ਪਾਨੀ ।
ਰਾਮ ਉਦਕਿ ਮੇਰੀ ਤਿਖਾ ਬੁਝਾਨੀ ॥ ੪ ॥

### ਤਿੰਨਤਾਲ (ਅਸਥਾਈ)

| + | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | | | | | I | | I | |
| | | | | | | | | ਪ | — | — | — | ਮ | ਗ | ਮ | — |
| | | | | | | | | ਜ | ਲ | ਤ | ਰਾ | S | ਮ | ਜ | ਲੁ |
| | | | | I | | | | | | | | I | | I | |
| ਪ | — | — | — | ਮ | ਪ | ਧ | ਧਨਸੰ | ਨਧ | ਪ | — | — | ਮ | ਗ | ਮ | — |
| ਪਾ | S | ਇਆ | S | ਅ | ਬ | ਮੋ | ਹਿSS | SS | ਜਲ | ਤ | ਰਾ | S | ਮ | ਜ | ਲੁ |
| | | | | I | | | | | | | | I | | I | |
| ਪ | — | — | — | ਪਮ | — | ਗ | — | — | — | — | - | ਮ | ਧ | ਮ | — |
| ਪਾ | S | S | S | ਇਆ | S | S | S | S | ਰਾ | ਮ | ਉ | ਦ | ਕਿ | ਤ | ਨੁ |
| ਗ | — | — | ਰੁ | — | — | — | ਸ | — | ਸਂ | — | - | — | — | ਨ | ਧ |
| ਜ | ਲ | ਤ | S | ਬੁ | ਝਾ | S | ਇਆ | S | ਰਾ | ਮ | ਉ | ਦ | ਕਿ | ਤ | ਨੁ |
| | | | | | | | | | | | | I | | I | |
| ਨ | ਧ | ਨ | — | ਧਪ | — | ਨ | ਧ | ਪ | — | — | - | ਮ | ਗ | ਮ | — |
| ਜ | ਲ | ਤ | — | Sਬੁ | ਝਾ | ਇਆ | S | ਜ | ਲ | ਤ | ਰਾ | S | ਮ | ਜ | ਲੁ |
| ਪ | | | | | | | | | | | | | | | |
| ਪਾਇਆ | | | | | | | | | | | | | | | |

## ਰਾਗ ਗਉੜੀ

### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | I | | | |
| | | | | | | | | | ਗ | ... | | ਮ | ... | ਧ | ... |
| | | | | | | | | | ਮ | ਨੁ | ਮਾ | ਰ | ਣੁ | ਕਾ | S |
| | | | | | | | | | | | | I | | | |
| ਸਂ | — | — | — | — | — | — | — | ... | ਗ | ... | ... | ਮ | ... | ਧ | ... |
| ਰ | ਨਿ | ਬ | ਨ | ਜਾ | S | ਈਐ | S | S | ਮ | ਨ | ਮਾ | ਰ | ਣ | ਕਾ | S |
| ਸਂ | — | — | — | — | — | — | ... | ... | ਗਂ | ... | ... | ਰੁਂ | .. | ਸਂ | ... |
| ਰ | ਨਿ | ਬ | ਨ | ਜਾ | S | ਈਐ | S | S | ਸੋ | ਜੋ | ਲੁ | ਬਿ | ਨੁ | ਭ | ਗ |
| | | | | | | | | | | | | I | | I | |
| ਨ | ਧ | ਨ | — | ਧ | ਪ | ਨ | ਧ | ਪ | ... | ... | ... | ਮ | ਗ | ਮ | ... |
| ਢੋਂ | S | ਤ | S | ਨ | ਾਈ | ਐ | S | ਜ | ਲ | ਤ | ਰਾ | S | ਮ | ਜ | ਲੁ |
| ਪ | | | | | | | | | | | | | | | |
| ਪਾਇਆ | | | | | | | | | | | | | | | |

ਨੋਟ : ਇਸ ਅੰਤਰੇ ਦੀਆਂ ਬਾਕੀ ਤੁਕਾਂ ਇਸੇ ਅੰਤਰੇ ਅਨੁਸਾਰ ਹੀ ਲਾਉਣੀਆਂ ਹਨ ।

# ਸ਼ਬਦ ਅਰਥ

## ਗਉੜੀ ਕਬੀਰ ਜੀ ॥

1) ਮਾਧਉ ਜਲ ਕੀ ਪਿਆਸ ਨ ਜਾਇ ॥
2) ਜਲ ਮਹਿ ਅਗਨਿ ਉਠੀ ਅਧਿਕਾਇ ॥1॥ ਰਹਾਉ ॥
3) ਤੂੰ ਜਲਨਿਧਿ ਹਉ ਜਲ ਕਾ ਮੀਨੁ ॥
4) ਜਲ ਮਹਿ ਰਹਉ ਜਲਹਿ ਬਿਨੁ ਖੀਨੁ ॥1॥
5) ਤੂੰ ਪਿੰਜਰੁ ਹਉ ਸੂਅਟਾ ਤੋਰ ॥
6) ਜਮੁ ਮੰਜਾਰ ਕਹਾ ਕਰੈ ਮੋਰ ॥ 2 ॥
7) ਤੂ ਤਰਵਰੁ ਹਉ ਪੰਖੀ ਆਹਿ ॥
8) ਮੰਦਭਾਗੀ ਤੇਰੋ ਦਰਸਨੁ ਨਾਹਿ ॥ 3 ॥
9) ਤੂ ਸਤਿਗੁਰ ਹਉ ਨਉਤਨੁ ਚੇਲਾ ॥
10) ਕਹਿ ਕਬੀਰ ਮਿਲੁ ਅੰਤ ਕੀ ਬੇਲਾ ॥ 4 ॥ 2 ॥

**ਪਦ ਅਰਥ** ਮਾਧਉ = ਹੇ ਮਾਧਵ ! ਹੇ ਮਾਇਆ ਦੇ ਪਤੀ । ਪਿਆਸ = ਤ੍ਰਿਖਾ; ਤਰੇਹ ਜਲ ਮਹਿ = ਨਾਮ ਰੂਪੀ ਪਾਣੀ ਵਿੱਚ । ਅਗਨਿ = ਤਾਂਘ ਰੂਪੀ ਅਗਨੀ । ਅਧਿਕਾਇ = ਜ਼ਿਆਦਾ ਜਲਨਿਧੀ = ਜਲ ਦਾ ਖਜ਼ਾਨਾ ਸਮੁੰਦਰ । ਮੀਨੁ = ਮੱਛੀ । ਜਲਹਿ ਬਿਨੁ = ਜਲ ਤੋਂ ਬਿਨਾਂ । ਖੀਨੁ = ਨਾਸ ਹੁੰਦਾ ਹਾਂ । ਪਿੰਜਰੁ = ਪਿੰਜਰਾ । ਸੂਅਟਾ = ਤੋਤਾ । ਤੋਰ = ਤੇਰਾ । ਜਮੁ ਮੰਜਾਰੁ = ਜਮ ਰੂਪੀ ਬਿੱਲਾ । ਮੋਰ = ਮੇਰਾ । ਤਰਵਰੁ = ਬ੍ਰਿਛ । ਆਹਿ = । ਮੰਦਭਾਗੀ = ਮੰਦੇ ਭਾਗਾਂ ਵਾਲੇ ਨੂੰ । ਨਾਹਿ = ਨਹੀਂ । ਨਉਤਨੁ = ਨਵਾਂ । ਚੇਲਾ = ਸਿੱਖ । ਅੰਤ ਕੀ ਬੇਲਾ = ਅੰਤ ਸਮੇਂ ।

ਅਰਥ-(1) ਹੇ ਪ੍ਰਭੂ ! ਹੇ ਮਾਇਆ ਦੇ ਪਤੀ ਅਕਾਲ ਪੁਰਖ ! ਤੇਰੇ ਨਾਮ-ਅੰਮ੍ਰਿਤ ਪੀਣ ਦੀ ਪਿਆਸ ਨਾਸ਼ ਨਹੀਂ ਹੁੰਦੀ (ਭਾਵ ਤੇਰੇ ਨਾਮ ਦਾ ਸਿਮਰਨ ਕਰਦਿਆਂ ਮੈਨੂੰ ਰੱਜ ਨਹੀਂ ਆਉਂਦਾ)।

(2) ਤੇਰਾ ਨਾਮ-ਅੰਮ੍ਰਿਤ ਪੀਂਦਿਆਂ ਪੀਂਦਿਆਂ ਇਹ ਪਿਆਸ ਹੋਰ ਵਧੇਰੇ ਹੁੰਦੀ ਜਾਂਦੀ ਹੈ (ਭਾਵ ਤੇਰਾ ਨਾਮ ਜਪਦਿਆਂ ਮੇਰੇ ਹਿਰਦੇ ਵਿੱਚ ਸਿਮਰਨ ਦੀ ਹੋਰ ਵਧੇਰੇ ਖਿੱਚ ਪੈਦਾ ਹੁੰਦੀ ਹੈ) ॥ ੧ ॥ ਰਹਾਉ ॥

(3) ਹੇ ਪ੍ਰਭੂ ! ਤੂੰ (ਨਾਮ) ਜਲ ਦਾ ਖਜਾਨਾ (ਸਮੁੰਦਰ) ਹੈਂ ਤੇ ਮੈਂ ਤੇਰੇ ਨਾਮ-ਸਮੁੰਦਰ ਵਿੱਚ ਰਹਿਣ ਵਾਲਾ ਮੱਛ ਹਾਂ।

(4) ਮੈਂ ਤੇਰੇ ਨਾਮ-ਜਲ ਵਿੱਚ ਰਹਿ ਕੇ ਹੀ ਜ਼ਿੰਦਾ ਰਹਿ ਸਕਦਾ ਹਾਂ ॥ ੧ ) ॥

(5) ਤੂੰ (ਮੇਰੀ ਰਾਖੀ ਕਰਨ ਵਾਲਾ) ਪਿੰਜਰਾ ਹੈਂ ਤੇ ਮੈਂ ਇਸ ਪਿੰਜਰੇ ਵਿੱਚ ਵਸਣ ਵਾਲਾ ਨਿਮਾਣਾ ਜਿਹਾ ਤੋਤਾ ਹਾਂ।

(6) ਤੇਰੀ ਸ਼ਰਨ ਵਿੱਚ ਰਹਿੰਦਿਆਂ ਜਮ ਰੂਪ ਬਿੱਲਾ ਮੇਰਾ ਕੀ ਵਿਗਾੜ ਸਕਦਾ ਹੈ।੨॥

(7) ਹੇ ਪਰਮਾਤਮਾ ! ਤੂੰ ਬੜਾ ਸੁੰਦਰ ਬ੍ਰਿਛ ਹੈਂ ਤੇ ਮੈਂ ਇਸ ਬ੍ਰਿਛ ਤੇ ਵੱਸਣ ਵਾਲਾ ਪੰਛੀ ਹਾਂ।

(8) (ਏਨਾ ਨਜ਼ਦੀਕ ਰਹਿਣ ਤੇ ਵੀ) ਮੈਨੂੰ ਮੰਦਭਾਗੀ ਨੂੰ ਤੇਰੇ ਦਰਸ਼ਨ ਅਜੇ ਤੱਕ ਨਸੀਬ ਨਹੀਂ ਹੋਏ। ੬ ॥

(9) ਕਬੀਰ ਜੀ ਆਖਦੇ ਹਨ ਕਿ ਹੇ ਪ੍ਰਭੂ ! ਇਹ ਮਨੁੱਖਾ-ਜਨਮ ਅਖੀਰ ਦਾ ਵੇਲਾ ਹੈ; ਇਸ ਲਈ ਹੁਣ ਤਾਂ ਮੈਨੂੰ ਜ਼ਰੂਰ ਹੀ ਦਰਸ਼ਨ ਦੇਹੋ ॥ ੪ ॥ ੨ ॥

ਭਾਵ ਅਰਥ-ਉਪਰੋਕਤ ਸ਼ਬਦ ਵਿੱਚ ਸ੍ਰੀ ਕਬੀਰ ਜੀ ਉਹਨਾਂ ਗੁਰਮੁਖਾਂ, ਸੰਤ ਜਨਾਂ ਤੇ ਭਗਤਾਂ ਦੀ ਅਵਸਥਾ ਵਰਣਨ ਕਰਦੇ ਹਨ, ਜਿਹੜੇ ਆਪਣੇ ਪੂਰਬਲੇ ਉੱਤਮ ਕਰਮਾਂ ਦੇ ਅੰਕੁਰ ਪ੍ਰਗਟ ਹੋਣ ਤੇ ਕਿਸੇ ਰਸਿਕ ਬੈਰਾਗੀ ਮਹਾਂ ਪੁਰਸ਼ ਦੀ ਸੰਗਤ ਵਿੱਚ ਰਹਿਕੇ ਤੇ ਉਹਨਾਂ ਤੋਂ ਸਤਿ ਮਾਰਗ ਦਾ ਉਪਦੇਸ਼ ਲੈਕੇ ਸ਼ਬਦ ਦੀ ਕਮਾਈ ਕਰਕੇ ਪ੍ਰਭੂ-ਨਾਮ ਵਿੱਚ ਲੀਨ ਹੋ ਜਾਂਦੇ ਹਨ। ਜਦ ਕਦੀ ਉਹ ਨਾਮ-ਸਿਮਰਨ ਤੋਂ ਖੁੰਝਦੇ ਹਨ ਤਾਂ ਜਲ-ਬਿਹੂਨ ਮਛਲੀ ਵਾਂਗੂੰ ਤੜਫਦੇ ਹਨ ਤੇ ਵਿਆਕੁਲ ਹੋ ਕੇ ਪ੍ਰਭੂ ਚਰਨਾਂ 'ਚ ਸੁਰਤੀ ਜੋੜਕੇ ਬੇਨਤੀ ਕਰਦੇ ਹਨ ਕਿ ਹੇ ਪਤਿਤ ਪਾਵਨ ਅਕਾਲ ਪੁਰਖ ! ਤੇਰੇ ਨਾਮ-ਅੰਮ੍ਰਿਤ ਦੀ ਪਿਆਸ ਮੈਨੂੰ ਹਰ ਸਮੇਂ ਲਗਦੀ ਰਹਿੰਦੀ ਹੈ। ਤੇਰਾ ਨਾਮ-ਅੰਮ੍ਰਿਤ ਪਾਨ ਕਰਦਿਆਂ ਮੇਰੀ ਪਿਆਸ ਹੋਰ ਵਧੇਰੇ ਵੱਧਦੀ ਹੈ। ਇਸ ਲਈ ਤੂੰ ਮੈਨੂੰ ਆਪਣੇ ਸਿਮਰਨ ਨਾਲ ਜੋੜੀ ਰੱਖ।

ਇਹ ਨਾਮ-ਅੰਮ੍ਰਿਤ ਭਗਤ ਜਨਾਂ ਨੂੰ ਦੁਨਿਆਵੀ ਪਦਾਰਥਾਂ ਨਾਲੋਂ ਕਈ ਗੁਣਾਂ ਮਿੱਠਾ ਲੱਗਦਾ ਹੈ। ਇਸ ਦੇ ਸਵਾਦ ਨਾਲੋਂ ਉਹ ਹੋਰ ਕਿਸੇ ਵੀ ਰਸ ਨੂੰ ਤੁਛ ਜਾਣਦੇ ਹਨ।

ਯਥਾ:- ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥ ੨੭ ॥ (ਸਲੋਕ ਸ਼ੇਖ ਫਰੀਦ)

ਪ੍ਰਭੂ-ਭਗਤੀ ਵਿੱਚ ਲੀਨ ਹੋਏ ਸੰਤ-ਜਨ ਪਰਮੇਸ਼ਰ ਨੂੰ ਆਪਣਾ ਆਸਰਾ ਪਰਨਾ ਸਮਝਦੇ ਹਨ। ਉਹ ਦੁਨਿਆਵੀ ਸੰਬੰਧੀਆਂ ਰਿਸ਼ਤੇਦਾਰਾਂ ਦੀ ਜਗ੍ਹਾ ਹਰੀ ਨੂੰ ਹੀ ਆਪਣਾ ਮਾਤਾ ਪਿਤਾ ਤੇ ਸੁਆਮੀ ਜਾਣਦੇ ਹਨ :-

ਤੂੰ ਮੇਰਾ ਪਿਤਾ ਤੂਹੈ ਮੇਰਾ ਮਾਤਾ ॥
ਤੂ ਮੇਰੇ ਜੀਅ ਪ੍ਰਾਨ ਸੁਖਦਾਤਾ ॥
ਤੂ ਮੇਰਾ ਠਾਕੁਰ ਹਉ ਦਾਸੁ ਤੇਰਾ ॥
ਤੁਝ ਬਿਨੁ ਅਵਰੁ ਨਹੀ ਕੋ ਮੇਰਾ ॥ (ਭੈਰਉ ਮਹਲਾ ੫)

ਜਗਿਆਸੂ ਪ੍ਰਭੂ ਦੇ ਸਿਮਰਨ ਨੂੰ ਆਪਣੇ ਜੀਵਨ ਦਾ ਆਧਾਰ ਸਮਝਦੇ ਹਨ। ਸਿਮਰਨ ਤੋਂ ਬਿਨਾਂ ਉਹ ਆਪਣੇ ਜੀਵਨ ਨੂੰ ਬਿਅਰਥ ਜਾਣਦੇ ਹਨ-

ਆਖਾ ਜੀਵਾ ਵਿਸਰੈ ਮਰਿ ਜਾਉ ॥ (ਆਸਾ ਮਹਲਾ ੧)

ਹਰੀ ਦੀ ਸ਼ਰਨ ਵਿੱਚ ਰਹਿੰਦਿਆਂ ਭਗਤ-ਜਨ ਕਾਲ ਦਾ ਭੈ ਨਹੀਂ ਮੰਨਦੇ। ਉਹ ਨਿਰਭਉ ਪ੍ਰਭੂ ਨੂੰ ਸਿਮਰਕੇ ਸੰਸਾਰ ਵਿੱਚ ਨਿਰਭੈ ਹੋਕੇ ਵਿਚਰਦੇ ਹਨ।

ਯਥਾ;- ਹਰਿ ਹਰਿ ਨਾਮ ਜਪੰਤਿਆ ਕਛੁ ਨ ਕਹੈ ਜਮਕਾਲੁ ॥
ਨਾਨਕ ਮਨੁ ਤਨੁ ਸੁਖੀ ਹੋਇ ਅੰਤੇ ਮਿਲੈ ਗੋਪਾਲੁ ॥ ੧ ॥
(ਆਸਾ ਮਹਲਾ ੫)

ਤਥਾ-ਨਿਰਭਉ ਜਪੈ ਸਗਲ ਭਉ ਮਿਟੈ ॥
ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥ (ਸੁਖਮਨੀ ਮਹਲਾ ੫)

ਪ੍ਰਭੂ ਦੀ ਗਤੀ ਨੂੰ ਕੋਈ ਨਹੀਂ ਜਾਣ ਸਕਦਾ। ਭਗਤ ਜਨ ਪ੍ਰਭੂ ਦੇ ਦਰ ਤੇ ਸਦਾ ਇਹੋ ਬੇਨਤੀ ਕਰਦੇ ਰਹਿੰਦੇ ਹਨ ਕਿ ਹੇ ਪ੍ਰਭੂ ! ਮੈਂ ਅੰਞਾਣ ਹਾਂ, ਤੂੰ ਮੈਨੂੰ ਬਿਬੇਕ ਬੁੱਧੀ ਬਖਸ਼ਕੇ ਆਪਣੀ ਸਿਫਤ ਸਾਲਾਹ ਕਰਨ ਵਿੱਚ ਲਾਈ ਰੱਖ।

ਪ੍ਰਭੂ ਦੇ ਸੇਵਕਾਂ ਨੂੰ ਇਹ ਦ੍ਰਿੜ੍ਹ ਗਿਆਨ ਹੁੰਦਾ ਹੈ ਕਿ ਜਿਵੇਂ ਬ੍ਰਿਛ ਦਾ ਫਲ ਪੱਕਕੇ ਡਾਲ ਨਾਲੋਂ ਟੁੱਟ ਜਾਂਦਾ ਹੈ ਤੇ ਮੁੜ ਕੇ ਡਾਲ ਨਾਲ ਨਹੀਂ ਲੱਗ ਸਕਦਾ, ਤਿਵੇਂ ਇਹ ਮਾਨਸ ਜਨਮ ਇੱਕ ਵਾਰ ਹਥੋਂ ਨਿਕਲਿਆ ਫਿਰ ਪ੍ਰਾਪਤ ਨਹੀਂ ਹੁੰਦਾ। ਇਸੇ ਜਨਮ ਵਿੱਚ ਹੀ ਪ੍ਰਭੂ ਸਿਮਰਨ ਦੀ ਬਰਕਤ ਨਾਲ ਅਕਾਲ ਪੁਰਖ ਨਾਲ ਸੰਜੋਗ ਹੋ ਜਾਏ ਤਾਂ ਫਿਰ ਜਨਮ ਮਰਨ ਦਾ ਚੱਕਰ ਖਤਮ ਹੋ ਜਾਂਦਾ ਹੈ, ਇਸ ਲਈ ਉਹ ਕਬੀਰ ਜੀ ਦੇ ਇਹਨਾਂ ਸ਼ਬਦਾਂ ਵਿੱਚ ਪ੍ਰਭੂ ਚਰਨਾਂ ਵਿੱਚ ਹਰ ਸਮੇਂ ਇਹੋ ਜੋਦੜੀ ਕਰਦੇ ਰਹਿੰਦੇ ਹਨ-

ਕਹੈ ਕਬੀਰ ਸੁਨਹੁ ਰੇ ਸੰਤਹੁ ਖੇਤ ਹੀ ਕਰਹੁ ਨਿਬੇਰਾ ॥
ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ ॥ ੩ ॥ ੭ ॥
(ਮਾਰੂ ਕਬੀਰ ਜੀ)

**ਟੀਕਾਕਾਰ-ਗੁਰਚਰਨ ਸਿੰਘ ਗਿਆਨੀ**

# ਸ਼ਬਦ ਪ੍ਰਮਾਣ

ਸ. ਕੁਲਦੀਪ ਸਿੰਘ

ਜਲ ਦੁਧ ਨਿਆਈ ਰੀਤਿ, ਅਬ ਦੁਧ ਆਚ ਨਹੀਂ, ਮਨ ਐਸੀ ਪ੍ਰੀਤਿ ਹਰੇ ॥
ਅਬ ਉਰਝਿਓ ਅਲਿ ਕਮਲੇਹ, ਬਾਸਨ ਮਾਹਿ ਮਗਨ, ਇਕੁ ਖਿਨੁ ਭੀ ਨਾਹਿ ਟਰੈ ॥
ਖਿਨੁ ਨਾਹਿ ਟਰੀਐ, ਪ੍ਰੀਤਿ ਹਰੀਐ ਸੀਗਾਰ ਹਭਿ ਰਸ ਅਰਪੀਐ ॥
ਜਹਿ ਦੂਖੁ ਸੁਣੀਐ, ਜਮ ਪੰਥੁ ਭਣੀਐ, ਤਹ ਸਾਧ ਸੰਗਿ ਨ ਡਰਪੀਐ ॥
ਕਰਿ ਕੀਰਤਿ ਗੋਵਿੰਦ ਗੁਣੀਐ, ਸਗਲ ਪ੍ਰਾਛਤ ਦੁਖ ਹਰੇ ।
ਕਹੁ ਨਾਨਕ ਛੰਤ ਗੋਵਿੰਦ ਹਰਿ ਕੇ, ਮਨ ਹਰਿ ਸਿਉ ਨੇਹੁ ਕਰੇਹੁ, ਐਸੀ ਮਨ ਪ੍ਰੀਤਿ ਹਰੇ ॥
(ਗੁ. ਗ੍ਰੰ. ਸ. ਪੰਨਾ 454)

ਇਸ ਸ਼ਬਦ ਵਿੱਚ ਵੱਖ ਵੱਖ ਕਿਸਮ ਦੀ ਪ੍ਰੀਤ ਅਕਾਲ ਪੁਰਖ ਨਾਲ ਕਰਨਾ ਦਰਸਾਇਆ ਗਿਆ ਹੈ । ਸੋ ਪ੍ਰਮਾਣ ਵੀ ਐਸੇ ਹੀ ਹੋਣੇ ਚਾਹੀਦੇ ਹਨ ਜਿਨ੍ਹਾਂ ਵਿੱਚ ਮਨ ਨੂੰ ਭਿੰਨ ਭਿੰਨ ਪ੍ਰੀਤਾਂ ਦਾ ਹਵਾਲਾ ਦੇ ਕੇ ਸਮਝਾਇਆ ਗਿਆ ਹੋਵੇ ਜਿਸ ਤਰ੍ਹਾਂ ਕਿ ਹੇਠਾਂ ਦਰਜ ਹਨ :—

1) ਜੈਸੀ ਮਛੁਲੀ ਨੀਰ, ਇਕੁ ਖਿਨੁ ਭੀ ਨਾ ਧੀਰੇ, ਮਨ ਐਸਾ ਨੇਹੁ ਕਰੇਹੁ ॥
ਜੈਸੀ ਚਾਤ੍ਰਿਕ ਪਿਆਸ, ਖਿਨੁ ਖਿਨੁ ਬੂੰਦ ਚਵੈ, ਬਰਸੁ ਸੁਹਾਵੇ ਮੇਹੁ ॥
ਹਰਿ ਪ੍ਰੀਤਿ ਕਰੀਜੈ, ਇਹੁ ਮਨੁ ਦੀਜੈ, ਅਤਿ ਲਾਈਐ ਚਿਤੁ ਮੁਰਾਰੀ ॥
ਮਾਨੁ ਨ ਕੀਜੈ ਸਰਣਿ ਪਰੀਜੈ, ਦਰਸਨ ਕਉ ਬਲਿਹਾਰੀ ॥
ਗੁਰ ਸੁਪ੍ਰਸਨ, ਮਿਲੁ ਨਾਹ ਵਿਛੁੰਨੇ, ਧਨ ਦੇਦੀ ਸਾਚੁ ਸਨੇਹਾ ॥
ਕਹੁ ਨਾਨਕ ਛੰਤ ਅਨੰਤ ਠਾਕੁਰ ਕੇ, ਹਰਿ ਸਿਉ ਕੀਜੈ ਨੇਹਾ, ਮਨ ਐਸਾ ਨੇਹੁ ਕਰੇਹੁ ॥
(ਪੰਨਾ 455)

2) ਚਕਵੀ ਸੂਰ ਸਨੇਹੁ, ਚਿਤਵ ਆਸ ਘਣੀ, ਕਦਿ ਦਿਨੀਅਰੁ ਦੇਖੀਐ ॥
ਕੋਕਿਲ ਅੰਬ ਪਰੀਤਿ ਚਵੈ ਸੁਹਾਵੀਆ, ਮਨ ਹਰਿ ਰੰਗੁ ਕੀਜੀਐ ॥ (ਪੰਨਾ 455)

3) ਨਿਸਿ ਕੁਰੰਕ ਜੈਸੇ ਨਾਦ ਸੁਣੀ, ਸ੍ਰਵਣੀ ਹੀਉ ਡਿਵੈ, ਮਨ ਐਸੀ ਪ੍ਰੀਤਿ ਕੀਜੈ ।
ਜੈਸੀ ਤਰੁਣਿ ਭਤਾਰ, ਉਰਝੀ ਪਿਰਹਿ ਸਿਵੈ, ਇਹੁ ਮਨੁ ਲਾਲ ਦੀਜੈ ॥ (ਪੰਨਾ 455)

4) ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ, ਜੈਸੀ ਜਲ ਕਮਲੇਹਿ ॥
ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ ॥
ਜਲ ਮਹਿ ਜੀਅ ਉਪਾਇ ਕੈ, ਬਿਨੁ ਜਲ ਮਰਣੁ ਤਿਨੇਹਿ ॥ (ਪੰਨਾ 59)

5) ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ, ਜੈਸੀ ਜਲ ਦੁਧ ਹੋਇ ॥
ਆਵਟਣੁ ਆਪੇ ਖਵੈ, ਦੁਧ ਕਉ ਖਪਣਿ ਨ ਦੇਇ ॥
ਆਪੇ ਮੇਲਿ ਵਿਛੁੰਨਿਆ, ਸਚਿ ਵਡਿਆਈ ਦੇਇ ॥ (ਪੰਨਾ 60)

6) ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ, ਜੈਸੀ ਮਛੁਲੀ ਨੀਰ ॥
ਜਿਉ ਅਧਿਕਉ ਤਿਉ ਸੁਖੁ ਘਣੋ, ਮਨਿ ਤਨਿ ਸਾਂਤਿ ਸਰੀਰ ॥
ਬਿਨੁ ਜਲਿ ਘੜੀ ਨ ਜੀਵਈ, ਪ੍ਰਭੁ ਜਾਣੈ ਅਭ ਪੀਰ ॥ (ਪੰਨਾ 60)

7) ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ, ਜੈਸੀ ਚਾਤ੍ਰਿਕ ਮੇਹ ॥
ਸਰ ਭਰਿ ਥਲ ਹਰੀਆਵਲੇ, ਇਕ ਬੂੰਦ ਨ ਪਵਈ ਕੇਹ ॥
ਕਰਮਿ ਮਿਲੈ ਸੋ ਪਾਈਐ, ਕਿਰਤੁ ਪਇਆ ਸਿਰਿ ਦੇਹ ॥ (ਪੰਨਾ 60)

8) ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ, ਜੈਸੀ ਚਕਵੀ ਸੂਰ ॥
ਖਿਨੁ ਪਲੁ ਨੀਦ ਨ ਸੋਵਈ, ਜਾਣੈ ਦੂਰਿ ਹਜੂਰਿ ॥
ਮਨਮੁਖਿ ਸੋਝੀ ਨਾ ਪਵੈ, ਗੁਰਮੁਖਿ ਸਦਾ ਹਜੂਰਿ ॥ (ਪੰਨਾ 60)

ਉੱਪਰ ਦਰਸਾਏ ਪ੍ਰਮਾਣਾਂ ਵਿੱਚ ਭਿੰਨ ਭਿੰਨ ਤਰ੍ਹਾਂ ਦੀਆਂ ਪ੍ਰੀਤਾਂ ਦੀਆਂ ਉਦਾਹਰਨਾਂ ਦੇਕੇ ਮਨ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

With best compliments from :

# ਸ਼ਿਮਲਾ ਵਿਖੇ ਗੁਰਮਤ ਸਮਾਗਮ

ਸ਼ਿਮਲੇ ਦੀਆਂ ਸੰਗਤਾਂ ਲਈ 15 ਮਾਰਚ, `989 ਤੋਂ 30 ਅਪ੍ਰੈਲ, 1989 ਤੱਕ ਦਾ ਸਮਾਂ ਸੁਭਾਗਾ ਸੀ। ਇਸ ਅਰਸੇ ਵਿੱਚ ਪਾਠ, ਕਥਾ, ਕੀਰਤਨ ਦਾ ਪ੍ਰਵਾਹ ਚਲਿਆ। ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਬੰਧਕਾਂ ਅਤੇ ਨੌਜੁਆਨ ਸੇਵਾਦਾਰਾਂ ਨੇ ਸ਼ਲਾਘਾ ਪੂਰਨ ਪ੍ਰੋਗਰਾਮ ਉਲੀਕਿਆ। ਇਹਨੀ ਦਿਨੀਂ ਸਵੇਰੇ ਸ਼ਾਮ ਵਿਸ਼ੇਸ਼ ਦੀਵਾਨ ਸਜਦੇ ਰਹੇ। ਇਨ੍ਹਾਂ ਦੀਵਾਨਾਂ ਵਿੱਚ ਭਾਈ ਜਸਬੀਰ ਸਿੰਘ ਪਠਾਨਕੋਟ ਵਾਲੇ, ਭਾਈ ਸੁਰਜੀਤ ਸਿੰਘ ਦਿੱਲੀ ਵਾਲੇ, ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ, ਭਾਈ ਹਰਜੋਤ ਸਿੰਘ ਜੰਮੂ ਵਾਲੇ ਅਤੇ ਹਜ਼ੂਰੀ ਰਾਗੀ ਭਾਈ ਕਰਮਜੀਤ ਸਿੰਘ ਹੋਰਾਂ ਨੇ ਵੱਖ ਵੱਖ ਦਿਨਾਂ ਵਿੱਚ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ।

2 ਮਈ ਤੋਂ 9 ਮਈ ਤੱਕ ਭਾਈ ਉੱਤਮ ਸਿੰਘ ਪਤੰਗ ਹਜ਼ੂਰੀ ਰਾਗੀ ਫਤਹਿ ਗੜ੍ਹ ਸਾਹਿਬ ਵਾਲੇ ਕੀਰਤਨ ਕਰਦੇ ਰਹੇ ਅਤੇ 14 ਮਈ ਅਤੇ 15 ਮਈ ਨੂੰ ਬੀਬੀ ਬਲਜੀਤ ਕੌਰ ਖਾਲਸਾ ਤਲਵਾੜੇ ਵਾਲਿਆਂ ਨੇ ਕੀਰਤਨ ਕੀਤਾ।

ਇਹਨਾਂ ਸਮਾਗਮਾਂ ਦੀਆਂ ਵੀਡੀਓ ਕੈਸਟਾਂ ਵੀ ਤਿਆਰ ਕੀਤੀਆਂ ਗਈਆਂ।

ਇਸ ਸਮਾਗਮ ਵਿੱਚ ਬੱਚਿਆਂ ਨੂੰ ਗੁਰਬਾਣੀ ਦਾ ਪਾਠ ਅਤੇ ਕੀਰਤਨ ਕਰਨ ਲਈ ਉਤਸ਼ਾਹਿਤ ਕੀਤਾ ਗਿਆ। ਉਹਨਾਂ ਦੀ ਸ਼ਲਾਘਾ ਕਰਦਿਆਂ ਮੈਡਲ ਪ੍ਰਦਾਨ ਕੀਤੇ ਗਏ।

ਸਮੁੱਚੇ ਰੂਪ ਵਿੱਚ ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ, ਬਾਕੀ ਸ਼ਹਿਰਾਂ ਦੇ ਗੁਰਦੁਆਰਾ-ਪ੍ਰਬੰਧਕਾਂ ਲਈ ਨਮੂਨੇ ਦਾ ਪ੍ਰੋਗਰਾਮ ਪੇਸ਼ ਕਰਨ ਲਈ ਵਧਾਈ ਦੀ ਹੱਕਦਾਰ ਹੈ।

**ਲੁਧਿਆਣਾ**—ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਸਾਊਥ ਮਾਡਲ ਗ੍ਰਾਮ ਵਲੋਂ ਗੁਰੂ ਅਰਜਨ ਦੇਵ ਪਾਰਕ ਵਿਖੇ 27 ਅਗਸਤ, 1989 ਨੂੰ ਤੀਜਾ ਸਾਲਾਨਾ ਦੀਵਾਨ ਬੜੀ ਸ਼ਰਧਾ ਤੇ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਜਿਸ ਵਿੱਚ ਕੀਰਤਨ ਕਰਨਗੇ ਭਾਈ ਜ਼ੋਰਾਵਰ ਸਿੰਘ ਅਤੇ ਡਾਕਟਰ ਜਗੀਰ ਸਿੰਘ ਜੀ ਦੇ ਰਾਗੀ ਜੱਥੇ। ਗੁਰਮਤਿ ਵਿਚਾਰਾਂ ਲਈ ਗਿਆਨੀ ਮੋਹਰ ਸਿੰਘ ਜੀ ਸੰਗਤਾਂ ਨੂੰ ਸੰਬੋਧਨ ਕਰਨਗੇ। ਇਨਾਮਾਂ ਦੀ ਵੰਡ ਡਾਕਟਰ ਇਕਬਾਲ ਸਿੰਘ ਜੀ, ਇਕਬਾਲ ਨਰਸਿੰਗ ਹੋਮ ਵਾਲੇ ਕਰਨਗੇ।

**ਬੱਸੀ ਪਠਾਣਾ**- ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਗੁਰਦੁਆਰਾ ਸਿੰਘ ਸਭਾ ਬਸੀ ਪਠਾਣਾ ਵਿਖੇ ਇੱਕ ਕੀਰਤਨ ਦਰਬਾਰ ਆਯੋਜਿਤ ਕੀਤਾ ਗਿਆ ਹੈ। 13 ਜੁਲਾਈ ਨੂੰ ਅਖੰਡਪਾਠ ਅਰੰਭ ਕਰਕੇ 16 ਜੁਲਾਈ ਨੂੰ ਭੋਗ ਪਾਏ ਗਏ। ਉਪਰੰਤ ਗੁਰਦੁਆਰਾ ਸਾਹਿਬ ਦੇ ਹਾਲ ਵਿੱਚ ਦੀਵਾਨ ਸਜੇ। ਇਸ ਵਿੱਚ ਚੰਡੀਗੜ੍ਹ ਸੰਗੀਤ ਸਭਾ ਡਾ. ਜਾਗੀਰ ਸਿੰਘ, ਭਾਈ ਦੇਵਿੰਦਰ ਸਿੰਘ ਸੋਢੀ, ਭਾਈ ਜਸਬੀਰ ਸਿੰਘ ਜੋਸ਼ੀ, ਭਾਈ ਅਜਮੇਰ ਸਿੰਘ ਚੰਦਨ, ਅਤੇ ਬੀਬੀ ਬਲਜੀਤ ਕੌਰ ਖਾਲਸਾ ਦੇ ਰਾਗੀ ਜਥਿਆਂ ਨੇ ਕੀਰਤਨ ਕੀਤਾ। ਉਪਰੰਤ ਗੁਰੂ ਕਾ ਲੰਗਰ ਵੀ ਵਰਤਾਇਆ ਗਿਆ।

**ਚੰਡੀਗੜ੍ਹ**-- ਸ੍ਰੀ ਗੁਰੂ ਗੋਬਿੰਦ ਸਿੰਘ ਭਵਨ ਚੰਡੀਗੜ੍ਹ ਵਿਖੇ 8 ਜੁਲਾਈ ਨੂੰ ਮਾਸਿਕ ਦੀਵਾਨ ਸਜਾਏ ਗਏ। ਇਸ ਵਿੱਚ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਦੇ ਲੈਕਚਰ ਤੋਂ ਇਲਾਵਾ ਭਾਈ ਬਖਸ਼ੀਸ ਸਿੰਘ ਜੀ ਦੇ ਰਾਗੀ ਜਥੇ ਨੇ ਕੀਰਤਨ ਕੀਤਾ।

**ਲੁਧਿਆਣਾ**—ਪਿਛਲੇ ਦਿਨੀ 8-7-89 ਨੂੰ ਗੁਰਦੁਆਰਾ ਦਸ਼ਮੇਸ਼ ਨਗਰ ਮਿਲਰਗੰਜ਼ ਲੁਧਿਆਣਾ ਵਿੱਚ ਭਾਰਤ ਨੇਤਰਹੀਣ ਸਮਾਜ ਵਲੋਂ ਆਪਣੀ ਸਿਲਵਰ ਜੁਬਲੀ ਦੇ ਮੌਕੇ ਤੇ ਗਿਆਨੀ ਭਗਤ ਸਿੰਘ, ਗੁਰਮੁਖ ਸਿੰਘ ਐਂਡ ਸਨਜ ਦੀ ਸਰਪ੍ਰਸਤੀ ਹੇਠ ਇੱਕ ਵਿਲਖਣ ਕੀਰਤਨ ਅਤੇ ਢਾਢੀ ਦਰਬਾਰ ਹੋਇਆ। ਇਸ ਵਿੱਚ ਭਾਈ ਚੰਨਣ ਸਿੰਘ ਮਬਬੂਰ, ਪ੍ਰੋ: ਦਰਚੰਦ ਸਿੰਘ, ਭਾਈ ਸੱਜਣ ਸਿੰਘ ਭਾਈ ਪਿਆਰਾ ਸਿੰਘ ਗਧਰਬ, ਪ੍ਰੋ: ਰਣਜੀਤ ਸਿੰਘ ਆਦਿ ਰਾਗੀ ਤੇ ਢਾਢੀ ਜਥਿਆਂ ਨੇ ਹਿੱਸਾ ਲਿਆ। ਇਸ ਕੀਰਤਨ ਦਰਬਾਰ ਵਿੱਚ ਪੁਰਾਤਨ ਕੀਰਤਨ ਸ਼ੈਲੀ ਤੇ ਨਿਰਧਾਰਿਤ ਰਾਗਾਂ ਅਤੇ ਬਿਖੜੀਆਂ ਤਾਲਾਂ ਵਿੱਚ ਧਰੁਪਦ ਪਰੰਪਰਾ ਨਾਲ ਸੰਬੰਧਿਤ ਬੰਦਸ਼ਾਂ ਗਾਈਆਂ ਗਈਆਂ। ਸੰਗਤਾਂ ਨੇ ਐਸਾ ਕੀਰਤਨ ਸੁਣਨ ਲਈ ਪੂਰਾ ਸਹਿਯੋਗ ਦਿੱਤਾ ਅਤੇ ਮੰਗ ਕੀਤੀ ਕਿ ਇਸ ਪਰੰਪਰਾ ਨੂੰ ਭੁਲਾਇਆ ਨਾ ਜਾਵੇ। ਪੰਡਾਲ ਦੀ ਸਜਾਵਟ ਕੀਰਤਨ ਦੀ ਰੌਣਕ ਨੂੰ ਸ਼ੁਭਾਇਮਾਨ ਕਰ ਰਹੀ ਸੀ।

ਉਪਰੰਤ ਇੱਕ ਮੀਟਿੰਗ ਵੀ ਕੀਤੀ ਗਈ। ਜਿਸ ਵਿੱਚ ਪੁਰਾਤਨ ਕੀਰਤਨ ਸ਼ੈਲੀ ਨੂੰ ਉਤਸਾਹਿਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ ਤੋਂ ਅਜਿਹੀ ਕੀਰਤਨ ਸ਼ੈਲੀ ਸਿਖਾਉਣ ਲਈ ਸਹਿਯੋਗ ਦੀ ਮੰਗ ਕੀਤੀ ਗਈ। 'ਅੰਕਿਤ ਕੀਰਤਨ ਮੈਗਜ਼ੀਨ' ਦੀ ਪ੍ਰਸ਼ੰਸਾ ਕਰਦਿਆਂ ਚੜ੍ਹਦੀ ਕਲਾ ਦੀ ਕਾਮਨਾ ਕੀਤੀ ਗਈ।

## Gurbani in prescribed rages.

According to Dr G. S. Mansukhani, 'the Gurus were experts in the harmonious blending of their poetic compositions with the appropriate melodic types and rhythms. By their uncanny instincts they matched the raga with the individual hymnal composition. This co-ordination is reflected in the diction, imagery, prosody and theme of the composition on one hand, and the choice of the raga, its ethos & the spirit on the other'. (Indian classical music and Sikh kirtan).

These points were ably reflected in the programme of Gurbani Sangeet in classical parampara presented by the Indian Council for Sikh Affairs on Saturday evening at the Kamani Auditorium to aid the building fund for a residential school at Chandigarh named as J.D. Cunningham Sikh School in memory of the author of "A History of the Sikhs."

The highlight of the evening was the renderings of hymns from the Guru Granth Sahib by Singh Bandhus (Tejpal Singh and Surinder Singh) In rages of good old proven values and as prescribed by the Gurus. The recital was preceded by Surinder Singh's brief but highly

informative introduction on the deployment of classical idiom in the rendering of the kirtans. The invocative hymn in the manner of a shloka sung in Yeman Kalyan created the desired atmosphere for their further renderings of shabad kirtan in classical ragas and talas.

The dhrupad parampara, with which the singing of the devotional hymns had been earlier initiated, was much in evidence in their rendering of the dhamar composition in Raga Shree which denotes supreme or exalted and therefore regarded as a raga with power and for which reasons the Sikh Gurus regarded it as a most effective melody to dispel darkness and ignorance of one's spiritual capabilities.

Guru Nanak Dev's composition 'mat dekh bhula bisre' referring to the common man's ignorance and superstition and disregard for the spiritual values because of the individual's ego, greed and love for worldly pleasures. was rendered with sedate musicianship and understanding of the poetic contents. The variations with well-executed rhythmic sequences were in keeping with the early traditions of the Gurbani Sangeet based on dhrupad-dhamar idoms. Megha Malhar Khayal was yet another hymn sung with rich musical favour and authentic interpretation of the raga. Kabir's hymn with folk appeal and another hymn of Guru Nanak sung in Mishra Maand added further musical appeal to their rectial. The accompanists Om Prakash (harmonium), Bhart Bhushan (sarangi) and Ramzan Khan (tabla) provided commendable support to the Bandhus.

The programme opened earlier with Guru Arjun Dev's 'Kawan sanjog' by Principal Kaur and Arvinder Kaur, disciples of the elder musician- teacher G S Sardar. The duo had been awarded with the second prize at an All India Competition in Gurbani. Their recital impressed for good deployment of the classical idiom and the devotional fervour with tunefulness and spontaniety.

The Indian Express
June 8, 1989